Postal No. - Jallandhar Vide No. L-4/PB/JL-0196/2024-2026

Read No. 32212/78

ਲੁਬਾਣਾ ਸੇਵਕ

ਅਗਸਤ 2026 ਕੁੱਲ ਪੰਨੇ : 44 ਮਾਸਿਕ ਮੁੱਲ : 25/-

ਅਦਾਰਾ 'ਲੁਬਾਣਾ ਸੇਵਕ' ਵੱਲੋਂ 15 ਅਗਸਤ ਆਜ਼ਾਦੀ ਦਿਵਸ 'ਤੇ ਲੱਖ-ਲੱਖ ਵਧਾਈਆਂ !



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

ਆਜ਼ਾਦੀ ਦੇ 79 ਵਰ੍ਹੇ



15 ਅਗਸਤ 1947 ਨੂੰ ਦੇਸ਼ ਗੁਲਾਮੀ ਦੀਆਂ ਜੰਜੀਰਾਂ ਤੋੜ ਕੇ ਵਿਦੇਸ਼ੀਆਂ ਪਾਸੋਂ ਪੂਰਨ ਤੌਰ 'ਤੇ ਆਜ਼ਾਦ ਹੋਇਆ। ਇਸ ਆਜ਼ਾਦੀ ਨੂੰ ਪ੍ਰਾਪਤ ਕਰਨ ਲਈ ਬਹੁਤ ਹੀ ਕੁਰਬਾਨੀਆਂ ਦਾ ਪਿਛੋਕੜ ਰਿਹਾ ਹੈ। ਜਿਸ ਵਿਚ ਸੱਚੇ ਸੁੱਚੇ ਦੇਸ਼ ਭਗਤਾਂ ਦਾ ਦੇਸ਼ ਪ੍ਰਤੀ ਡੂੰਘਾ ਪਿਆਰ ਛੁਪਿਆ ਹੋਇਆ ਸੀ। ਇਨ੍ਹਾਂ ਦੇਸ਼ ਭਗਤਾਂ ਨੇ ਆਜ਼ਾਦੀ ਦੇ ਸੰਘਰਸ਼ ਨੂੰ ਹਰ ਤਰੀਕੇ ਨਾਲ ਅੱਗੇ ਲਿਜਾਉਣ ਦੀ ਪੂਰੀ ਘਾਲਣਾ ਕੀਤੀ ਭਾਵੇਂ ਉਹ ਨਰਮ ਦਲ ਹੋਵੇ ਜਾਂ ਗਰਮ ਦਲ ਹੋਵੇ। ਪ੍ਰੰਤੂ ਮਕਸਦ ਸਭ ਦੇਸ਼ ਭਗਤਾਂ ਦਾ ਇਕੋ ਸੀ ਕਿ ਵਿਦੇਸ਼ੀਆਂ ਕੋਲੋਂ ਗੁਲਾਮੀ ਦੀਆਂ ਜੰਜ਼ੀਰਾਂ ਤੋੜ ਕੇ ਇਕ ਸਵਰਾਜ ਦਾ ਸੁਪਨਾ ਜੋ ਵੇਖਿਆ ਸੀ ਉਹ ਕਾਇਮ ਕਰਨਾ। ਇਸ ਸੁਪਨੇ ਵਿਚ ਆਜ਼ਾਦੀ ਤੋਂ ਬਾਅਦ ਸਾਰਿਆਂ ਨੂੰ ਇਕ ਸੁਤੰਤਰ ਤੌਰ 'ਤੇ ਜ਼ਿੰਦਗੀ ਰਹਿਣ ਤੇ ਜਿਉਣ ਦੇ ਪੂਰੇ ਹੱਕ ਸ਼ਾਮਲ ਕੀਤੇ ਜਾਣ ਦੀ ਮੁੱਢਲੀ ਸੋਚ ਸੀ। ਆਜ਼ਾਦੀ ਦੇ ਵਿਚ ਇਹ ਜ਼ਰੂਰੀ ਸੀ ਕਿ ਆਮ ਬੰਦੇ ਨੂੰ ਜ਼ਿੰਦਗੀ ਜਿਉਣ ਦੇ ਪੂਰੇ ਸਾਧਨ ਮੁਹੱਈਆ ਕਰਵਾਏ ਜਾਣ। ਗਰੀਬੀ ਰੇਖਾ ਨੂੰ ਖਤਮ ਕੀਤਾ ਜਾਵੇ। ਲੋਕ ਆਪਣੀ ਯੋਗਤਾ ਅਤੇ ਕਾਬਲੀਅਤ ਕਰਕੇ ਚੰਗੇ ਕਮਾਈ ਵਾਲੇ ਸਾਧਨਾਂ ਵਿਚ ਰੁੱਝੇ ਰਹਿਣ ਅਤੇ ਹੁਣ ਹਾਲਾਤ ਇਹ ਹਨ ਕਿ ਅਮੀਰ ਅਤੇ ਗਰੀਬ ਦੇ ਵਿਚ ਬਹੁਤ ਪਾੜਾ ਵੱਧ ਗਿਆ ਹੈ ਤੇ ਬੇਰੁਜ਼ਗਾਰੀ ਅਤੇ ਵਿਹਲਾਪਣ ਹੋ ਗਿਆ ਹੈ ਜੋ ਕਿ ਸਮਾਜ ਅਤੇ ਦੇਸ਼ ਦੀ ਤਰੱਕੀ ਲਈ ਕਿਸੇ ਸਮੇਂ ਵੀ ਘਾਤਕ ਹੋ ਸਕਦਾ ਹੈ। ਆਜ਼ਾਦੀ ਦੇ 79 ਵਰ੍ਹੇ ਬੀਤਣ ਪਿੱਛੋਂ ਵੀ ਦੇਸ਼ ਆਪਣੇ ਹੁਕਮਰਾਨਾਂ ਵੱਲੋਂ ਚੰਗੀ ਕਾਰਗੁਜ਼ਾਰੀ ਨਾ ਹੋਣ ਕਰਕੇ ਸਹੀ ਦਿਸ਼ਾ ਵੱਲ ਨਹੀਂ ਜਾ ਰਿਹਾ ਹੈ ਅਤੇ ਆਮ ਵਰਗ ਦਿਨ-ਬ-ਦਿਨ ਲਤਾੜਿਆ ਜਾ ਰਿਹਾ ਹੈ।

ਸਾਡਾ ਅਦਾਲਤੀ ਢਾਂਚਾ ਵੀ ਪੁਰਾਣੀ ਅੰਗ੍ਰੇਜ਼ਾਂ ਦੀ ਤਰਜ ਤੇ ਹੀ ਬਣਿਆ ਹੋਇਆ ਹੈ। ਜਿਸ ਵਿਚ ਇਨਸਾਫ ਹੋਣ ਨੂੰ ਐਨੀ ਕੁ ਦੇਰ ਲੱਗਦੀ ਹੈ ਕਿ ਆਮ ਆਦਮੀ ਨੂੰ ਬਹੁਤ ਦੁੱਖ ਝੇਲਣੇ ਪੈਂਦੇ ਹਨ ਅਤੇ ਕੇਸ ਵਿਚੇ ਹੀ ਰੁੱਲ ਜਾਂਦੇ ਹਨ। ਦੇਰੀ ਨਾਲ ਕੀਤਾ ਫੈਸਲਾ ਕੋਈ ਫੈਸਲਾ ਨਹੀ ਮੰਨਿਆ ਜਾਂਦਾ ਕਿਉਂਕਿ ਉਸ ਦਾ ਲਾਭ ਸ਼ਰਾਰਤੀ ਅਨਸਰਾਂ ਨੂੰ ਹੀ ਮਿਲਦਾ ਹੈ ਅਤੇ ਰਿਸ਼ਵਤਖੋਰੀ, ਰਿਸ਼ਤਿਆਂ ਵਿਚ ਕੜਵਾਹਟ, ਪੈਸੇ ਦੀ ਬਰਬਾਦੀ ਅਤੇ ਪਰਿਵਾਰ ਦਾ ਉਜਾੜਾ ਹੁੰਦਾ ਹੈ। ਦੇਸ਼ ਵਿਚ ਸਮੁੱਚਾ ਪ੍ਰਸ਼ਾਸਨ ਢਾਂਚਾ ਬਹੁ ਗਿਣਤੀ ਕਰਕੇ ਸਿਆਸਤਦਾਨਾਂ ਦੀ ਹੱਥੀਂ ਚੜ੍ਹਿਆ ਹੋਇਆ ਹੈ ਅਤੇ ਪ੍ਰਸ਼ਾਸਨ ਅਤੇ ਪੁਲਿਸ ਕੋਲੋਂ ਆਮ ਤੌਰ ਤੇ ਆਮ ਵਰਗ ਨੂੰ ਨਿਆਂ ਦੀ ਬਹੁਤ ਘੱਟ ਆਸ ਰਹਿੰਦੀ ਹੈ ਅਤੇ ਜ਼ਿਆਦਾਤਰ ਖੱਜਲ ਖੁਆਰੀਆਂ ਹੀ ਹੁੰਦੀਆਂ ਹਨ। ਪੰਚਾਇਤ ਸਿਸਟਮ ਜੋ ਕਿ ਇਕ ਬੁਨਿਆਦੀ ਤੌਰ ਤੇ ਵਧੀਆ ਮੁੱਢਲੀ ਸੰਸਥਾ ਹੈ ਉਹ ਪੁਰਾਣੇ ਜ਼ਮਾਨੇ ਵਿਚ ਅਤੇ ਹੁਣ ਕਦੇ ਕਦਾਈ ਵਧੀਆ ਫੈਸਲੇ ਕਰਕੇ ਆਪਣੀ ਕਾਰਜੁਗਾਰੀ ਵਿਖਾਉਂਦੀ ਹੈ। ਜ਼ਿਆਦਾਤਰ ਪੰਚਾਇਤਾਂ ਵੀ ਹੁਣ ਸਿਆਸਤ ਦੀ ਭੇਂਟ ਚੜ੍ਹੀ ਜਾ ਰਹੀਆਂ ਹਨ। ਇਸ ਸਭ ਕੁਝ ਤੋਂ ਤੰਗ ਆ ਕੇ ਆਮ ਜਨ ਸਾਧਾਰਨ ਲੋਕਾਂ ਕੋਲ ਅਦਾਲਤ ਤੋਂ ਬਗੈਰ ਹੋਰ ਕੋਈ ਰਾਸਤਾ ਨਹੀਂ ਬਚ ਜਾਂਦਾ ਅਤੇ ਕੋਸ਼ਿਸ਼ ਕਰਦਾ ਹੈ ਕਿ ਅਦਾਲਤ ਦਾ ਦਰਵਾਜ਼ਾ ਖਟਖਟਾਇਆ ਜਾਵੇ।

ਇਹ ਸਭ ਕੁਝ ਆਰਥਿਕ ਸੰਕਟ ਵਜੋਂ ਉਭਰ ਕੇ ਸਮਾਜ ਦੇ ਵਿਚ ਹੋਰ ਔਕੜਾਂ ਪੇਸ਼ ਕਰਦਾ ਹੈ ਅਤੇ ਦੇਸ਼ ਭਗਤਾਂ ਦੀਆਂ ਕੀਤੀਆਂ ਕੁਰਬਾਨੀਆਂ ਨੂੰ ਪੂਰੇ ਤਰੀਕੇ ਨਾਲ ਨਜ਼ਰਅੰਦਾਜ ਕਰਦਾ ਹੈ। ਆਰਥਿਕ ਤੰਗੀ ਕਰਕੇ ਨਸ਼ਾਖੋਰੀ, ਤਸਕਰੀ ਅਤੇ ਚੋਰੀਆਂ ਠੱਗੀਆਂ ਹੁੰਦੀਆਂ ਹਨ। ਅੱਜਕਲ੍ਹ ਪਵਿੱਤਰ ਰੱਖੜੀ ਦੇ ਤਿਉਹਾਰ ਵਿਚ ਵੀ ਬਹੁਤੇ ਭੈਣ ਭਰਾ ਵਿਚ ਵੱਖਰੇਵਾ ਵੇਖਿਆ ਗਿਆ ਹੈ ਅਤੇ ਜਾਇਦਾਦ ਤੇ ਧਨ ਲੈਣ ਪਿੱਛੇ ਇਕ ਦੂਜੇ ਦੇ ਦੁਸ਼ਮਣ ਬਣ ਜਾਂਦੇ ਹਨ। ਇਹ ਸਭ ਆਰਥਿਕ ਤੰਗੀ ਅਤੇ ਸੌੜੀ ਸੋਚ ਕਰਕੇ ਹੁੰਦੇ ਹਨ। ਹੁਣ ਦੇ ਅਜੋਕੇ ਸਮੇਂ ਵਿਚ ਇਹ ਲੋੜ ਹੈ ਕਿ ਸਾਰੇ ਸਿਸਟਮ ਨੂੰ ਸੁਧਾਰਿਆ ਜਾਵੇ ਅਤੇ ਚੰਗੇ ਬੰਦੇ ਇਸ ਕੰਮ ਲਈ ਆਪਣੀ ਚੰਗੀ ਸੋਚ ਨਾਲ ਅੱਗੇ ਆਉਣ ਅਤੇ ਬਿਨਾਂ ਕਿਸੇ ਵਿਤਕਰੇ ਨਾਲ ਦੇਸ਼ ਸਮਾਜ ਦੀ ਸੇਵਾ ਵਿਚ ਯੋਗਦਾਨ ਪਾਉਣ ਤਾਂ ਹੀ ਆਮ ਜਨਤਾ ਦਾ ਭਲਾ ਹੋ ਸਕਦਾ ਹੈ ਨਹੀ ਤਾਂ ਇਸ ਦੇਸ਼ ਦਾ ਰੱਬ ਹੀ ਰਾਖਾ ਹੈ। ਇਸ ਕਰਕੇ ਸਾਰੇ ਸਮਾਜ ਨੂੰ ਚਾਹੀਦਾ ਹੈ ਕਿ ਆਪਣਾ ਯੋਗਦਾਨ ਪਾ ਕੇ ਇਨ੍ਹਾਂ ਸੇਵਾਵਾਂ ਪ੍ਰਤੀ ਵਚਨਬਧ ਹੋ ਕੇ ਸੁਧਾਰ ਲਿਆਈਏ ਤਾਂ ਹੀ ਸਾਨੂੰ ਆਜ਼ਾਦੀ ਦਾ ਸਹੀ ਮੁੱਲ ਮਿਲੇਗਾ।

ਭਗਵਾਨ ਸਿੰਘ ਲੁਬਾਣਾ

ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

ਲੁਬਾਣਾ ਸੇਵਕ

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ
1901-1963



Chief Editor
Er. Bhagwan Singh Lubana
Dy C.E. (Retd.)
E-mail:bslubana187@gmail.com
M.: 98155-40240

Editor
S. Surinder Singh Ruby
ETO (Retd.)
E-mail:ruby.surinder57@gmail.com
M.: 98141-28181

Advisors

1. S. Baldev Singh Munder, Sr. Manager (Retd.)
2. Dr. Prof. Jaswant Singh Begowal
3. Parwinderpal Singh PCS (Retd.)
4. Er. Baljit Singh Bhagtana Dy. C.E. (Retd.)
5. S. Mohinder Singh, DSP (Retd.)
6. S. Surinder Singh Maqsoodpuri

ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98155-40240
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-35383628122, IFSC Code:- SBIN0001443
Note - On depositing kindly intimate your name and address to the Foundation.
President - 98155-40240



ਦੇਸ	:	250 ਰੁਪਏ
ਪਰਦੇਸ	:	20 ਡਾਲਰ
ਜੀਵਨ ਮੈਂਬਰ ਦੇਸ	:	2000 ਰੁ.
ਜੀਵਨ ਮੈਂਬਰ ਪਰਦੇਸ	:	7500 ਰੁ.

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

ਇਸ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)

ਪੂਰਨਮਾਸ਼ੀ - 28-08-2026 (ਸ਼ੁੱਕਰਵਾਰ)
ਸੰਗਰਾਂਦ - 17-08-2026 (ਸੋਮਵਾਰ)
ਮੱਸਿਆ - 12-08-2026 (ਬੁੱਧਵਾਰ)

ਤਤਕਰਾ

ਜਿਲਦ ਨੰ. 41 | ਅੰਕ - 158 | ਅਗਸਤ - 2026

1.	ਸ੍ਰੀ ਹਰਿਕ੍ਰਿਸ਼ਨ ਧਿਆਇਐ ਜਿਸੁ ਡਿਠੇ ਸਭੁ ਦੁਖ ਜਾਇ।	4
2.	ਵਿਸ਼ਵਾਸ ਦਾ ਸਿਖਰ – ਬਾਬਾ ਮੱਖਣ ਸ਼ਾਹ ਲੁਬਾਣਾ	6
3.	ਭਾਰਤ ਦੀ ਆਜ਼ਾਦੀ ਵਿਚ ਪੰਜਾਬ ਦਾ ਯੋਗਦਾਨ	8
4.	ਲਾਹੌਰ ਸੈਂਟਰਲ ਜੇਲ੍ਹ ਵਿਚਲਾ ਫਾਂਸ਼ੀ ਦਾ ਤਖ਼ਤਾ	10
5.	ਭੈਣਾਂ ਵਰਗਾ ਸਾਕ ਨਾ ਕੋਈ	11
6.	ਸੇਵਾ ਦੇ ਪੁੰਜ ਸਨ ਭਗਤ ਪੂਰਨ ਸਿੰਘ ਪਿੰਗਲਵਾੜੇ ਵਾਲੇ	12
7.	ਲੁਬਾਣਾ ਬਰਾਦਰੀ ਦਾ ਰਾਖਵਾਂਕਰਨ ਖਤਮ ਕਰਨ ਦੀ ਬਜਾਏ ਸਮਾਜਿਕ ਨਿਆਂ ਹੋਰ ਮਜਬੂਤ ਹੋਣਾ ਚਾਹੀਦਾ ਹੈ	13
8.	ਲੁਬਾਣਾ ਬਰਾਦਰੀ ਦੀ ਸਤਿਕਾਰਤ ਹਸਤੀ ਡਾ. ਸ਼ਬਨਮਪ੍ਰੀਤ ਕੌਰ ਮੁਲਤਾਨੀ	14
9.	ਵਿਸਰ ਰਹੀਆਂ ਖੇਡਾਂ	16
10.	ਸੱਚਮੁੱਚ ਹੀ ਇਹ ਸੀ ਭਵਿੱਖ ਦੀਆਂ ਅਹਿਮ ਸ਼ਖ਼ਸੀਅਤਾਂ ਘੜਨ ਵਾਲੀ ਟਕਸਾਲ ਸੰਤ ਪ੍ਰੇਮ ਸਿੰਘ ਖਾਲਸਾ ਹਾਈ ਸਕੂਲ, ਬੇਗੋਵਾਲ ਦੀਆਂ ਯਾਦਾਂ	17
11.	ਚਰਖਾ	19
12.	ਧਨੀ ਰਾਮ ਚਾਤ੍ਰਿਕ ਦਾ ਚਿੰਤਨ	21
13.	ਆਓ ਜਾਣੀਏ !	23
14.	ਗੁਰ ਸਾਗਰ ਦੇ ਸੁੱਚੇ ਮੋਤੀ	25
15.	ਸਚੁ ਸੁਣਾਇਸੀ ਸੱਚ ਕੀ ਬੇਲਾ	26
16.	ਜੁਲਾਈ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ	29
17.	ਜੀਵਨ ਵਿਕਾਸ – ਇਕ ਸੰਘਰਸ਼	31
18.	ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ	32
19.	ਸਿਹਤ ਸੰਭਾਲ	34
20.	ਕਾਵਿ-ਕਿਆਰੀ	36
21.	Matrimonial	39
22.	ਦਾਨੀ ਸੱਜਣਾਂ ਦੀ ਸੂਚੀ	40

'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।

Printed & Published by
Bhagwan Singh Lubana for Baba Makhan Shah Lobana Foundation (Regd.)
Sector 30-A, Chandigarh.

Computer Designing - Walia Enterprises, M.: 98153-78692

7 ਅਗਸਤ ਅਵਤਾਰ ਪੁਰਬ 'ਤੇ ਵਿਸ਼ੇਸ਼

ਸ੍ਰੀ ਹਰਿਕ੍ਰਿਸ਼ਨ ਧਿਆਇਐ ਜਿਸੁ ਡਿਠੇ ਸਭੁ ਦੁਖ ਜਾਇ।



ਸ੍ਰੀ ਗੁਰੂ ਹਰਿਕ੍ਰਿਸ਼ਨ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੱਠਵੇਂ ਜੋਤਿ ਸਰੂਪ ਸਤਿਗੁਰੂ ਸਨ। ਆਪ ਜੀ ਦਾ ਜਨਮ 1656 ਈ. ਨੂੰ ਮਾਤਾ ਕਿਸ਼ਨ ਕੌਰ ਜੀ ਅਤੇ ਪਿਤਾ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਗ੍ਰਿਹ ਵਿਖੇ ਕੀਰਤਪੁਰ ਸਾਹਿਬ ਵਿਖੇ ਹੋਇਆ। ਬਚਪਨ ਤੋਂ ਹੀ ਆਪ ਤੀਖਣ ਬੁੱਧੀ, ਦੂਰ ਦ੍ਰਿਸ਼ਟੀ ਅਤੇ ਪ੍ਰਭੂ ਰੰਗ ਵਿਚ ਭਿੱਜੀ ਹੋਈ ਸਖ਼ਸ਼ੀਅਤ ਦੇ ਮਾਲਕ ਸਨ। ਗੁਰੂ-ਪਿਤਾ ਦੀ ਸੰਗਤ ਵਿਚ ਵੀ ਆਪ ਜੀ ਸੰਗਤਾਂ ਲਈ ਲੰਗਰ ਛਕਾਉਣ ਅਤੇ ਹੋਰ ਸੇਵਾ ਵਿਚ ਲੱਗੇ ਰਹਿੰਦੇ ਸਨ। ਗੁਰੂ ਹਰਿ ਰਾਏ ਸਾਹਿਬ ਜੀ ਦੇ ਵੱਡੇ ਪੁੱਤਰ, ਬਾਬਾ ਰਾਮ ਰਾਇ ਨੇ ਜਦੋਂ ਦਿੱਲੀ ਵਿਖੇ, ਔਰੰਗਜੇਬ ਦੀਆਂ ਗੱਲਾਂ ਅਤੇ ਪ੍ਰਭਾਵ ਹੇਠ ਆਣ ਕੇ ਇਹ ਕਹਿ ਦਿੱਤਾ ਕਿ ਗੁਰਬਾਣੀ ਵਿਚ "ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ"॥ ਗਲਤੀ ਨਾਲ ਲਿਖਿਆ ਗਿਆ ਹੈ, ਸਗੋਂ ਇਸ ਤੁਕ ਵਿਚ 'ਮੁਸਲਮਾਨ' ਦਾ ਦੀ ਥਾਂ ਤੇ 'ਬੇਈਮਾਨ' ਹੈ। ਅਰਥਾਤ ਰਾਮ ਰਾਏ ਨੇ ਗੁਰਬਾਣੀ ਦੀ ਇਸ ਤੁਕ ਦਾ ਉਚਾਰਣ ਇਸ ਤਰ੍ਹਾਂ ਕੀਤਾ ਸੀ-

"ਮਿਟੀ ਬੇਈਮਾਨ ਕੀ ਪੇੜੈ ਪਈ ਕੁਮਿਆਰ"॥

ਇਸ ਨਾਲ ਔਰੰਗਜੇਬ ਦੀ ਤਾਂ ਭਾਵੇਂ ਤਸੱਲੀ ਹੋ ਗਈ, ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ 'ਧੁਰ ਕੀ ਬਾਣੀ' ਵਿਚ ਤਬਦੀਲੀ ਕਰਨਾ ਅਜਿਹਾ ਬੱਜਰ ਗੁਨਾਹ ਸੀ ਜੋ ਬਖ਼ਸ਼ਿਆ ਨਹੀਂ ਸੀ ਜਾ ਸਕਦਾ। ਗੁਰੂ ਹਰਿ ਰਾਏ ਸਾਹਿਬ ਨੇ, ਰਾਮ ਰਾਏ ਨੂੰ ਕਹਿ ਭਿਜਵਾਇਆ ਕਿ 'ਉਹ ਸਾਡੇ ਮੱਥੇ ਨਾ ਲੱਗੇ'। ਇਹ ਕਾਰਨ ਸੀ ਜਿਸ ਕਰਕੇ ਗੁਰਗੱਦੀ ਨਾ ਮਿਲ ਸਕੀ ਅਤੇ ਉਸ ਦੀ ਥਾਂ ਤੇ 'ਸ੍ਰੀ ਹਰਿ ਕ੍ਰਿਸ਼ਨ ਸਾਹਿਬ' ਨੂੰ ਸਵਾ ਪੰਜ ਸਾਲ ਦੀ ਉਮਰ ਵਿਚ ਗੁਰਗੱਦੀ ਦੀ ਬਖ਼ਸ਼ਿਸ਼ ਪ੍ਰਾਪਤ ਹੋ ਗਈ।

ਗੁਰਬਾਣੀ ਦੇ ਮਹਾਨ ਵਾਕ ਅਨੁਸਾਰ ਗੁਰਗੱਦੀ ਦੀ ਬਖਸ਼ਿਸ਼ ਤਾਂ ਧੁਰ ਦਰਗਾਹੋਂ ਹੈ। ਇਸ ਦਾ ਸੰਬੰਧ ਵਿਅਕਤੀ ਦੀ ਉਮਰ ਨਾਲ ਵੀ ਨਹੀਂ ਹੈ। ਸ੍ਰੀ ਗੁਰੂ ਅਮਰਦਾਸ ਜੀ ਨੂੰ ਸਭ ਤੋਂ ਵੱਡੀ ਉਮਰ (72 ਸਾਲ) ਵਿਚ ਅਤੇ ਸਭ ਤੋਂ ਛੋਟੀ ਉਮਰ (ਸਵਾ ਪੰਜ ਸਾਲ) ਵਿਚ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਅਮੋਲਕ ਦਾਤ ਪ੍ਰਾਪਤ ਹੋਈ। ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਦੀ ਉਮਰ ਭਾਵੇਂ ਛੋਟੀ ਸੀ ਪਰ 'ਜੋਤਿ' ਅਤੇ 'ਜੁਗਤਿ' ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਵਾਲੀ ਹੀ ਸੀ। ਸਿੱਖ ਸੰਗਤਾਂ ਦੀ ਅਗਵਾਈ ਕਰਨ ਵਿਚ, ਗੁਰੂ ਜੀ ਵੱਲੋਂ ਕਦੇ ਵੀ ਢਿੱਲ ਮੱਠ ਨਾ ਆਈ। ਹਰ ਰੋਜ਼ ਕੀਰਤਨ ਦਰਬਾਰ ਸੱਜਦੇ। ਗੁਰੂ ਜੀ ਨਿਤਾਪ੍ਰਤੀ ਅਮ੍ਰਿਤ ਵੇਲੇ ਉਠਦੇ। ਨਾਮ ਸਿਮਰਨ ਵਿਚ ਆਪ ਜੀ ਦੀ ਅਡੋਲ ਬਿਰਤੀ ਲੰਮਾ ਸਮਾਂ ਜੁੜੀ ਰਹਿੰਦੀ ਸੀ। ਗੁਰਬਾਣੀ ਦੇ ਨਿਤਨੇਮ ਦਾ ਪਾਠ ਆਪ ਜੀ ਦਾ ਬਹੁਤ ਪ੍ਰੱਪਕ ਸੀ। ਹਰ ਰੋਜ਼ ਗੁਰੂ ਦਰਬਾਰ ਦੇ ਨਾਲ-ਨਾਲ ਅਤੁੱਟ ਲੰਗਰ ਵੀ ਵਰਤਦਾ ਸੀ।

ਭਗਵਾਨ ਸਿੰਘ
ਲੁਬਾਣਾ
ਪ੍ਰਧਾਨ ਬਮਸਲ ਫਾਉਂਡੇਸ਼ਨ
ਚੰਡੀਗੜ੍ਹ
98155-40240



ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਜਸਵੰਤ ਰਾਏ ਨਾਮ ਦੇ ਵਿਅਕਤੀ, ਰੋਪੜ ਦਾ ਵਸਨੀਕ ਸ਼ਾਹੂਕਾਰ ਰਾਜਾ ਰਾਮ ਵਰਗਿਆਂ ਨੂੰ ਸਿੱਧੇ ਰਸਤੇ ਪਾ ਕੇ ਗੁਰੂ ਘਰ ਨਾਲ ਜੋੜਿਆ। ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਮਹਿਮਾ ਬੇਅੰਤ ਹੈ। ਆਪ ਜੀ ਨੇ ਬੇਅੰਤ ਵਿਅਕਤੀਆਂ ਨੂੰ ਮਨਮੁਖਤਾ ਵੱਲੋਂ ਹਟਾ ਕੇ, ਗੁਰਮਤਿ ਮਾਰਗ ਨਾਲ ਜੋੜਿਆ। ਜਿਵੇਂ ਨੰਦ ਚੰਦ ਨੂੰ ਵੇਸਵਾਪੁਣਾ ਤਿਆਗ ਕੇ, ਗੁਰਸਿੱਖ ਵਾਲਾ ਜੀਵਨ ਜਿਉਣ ਲਈ ਤਤਪਰ ਕੀਤਾ। ਜੰਜੀਆ ਨਾਮ ਦੇ ਵਿਅਕਤੀ ਨੂੰ ਤੰਬਾਕੂ ਨਾ ਖਾਣ ਦਾ ਉਪਦੇਸ਼ ਕੀਤਾ। ਪੰਜੋਖਰਾ ਨਾਮ ਦੇ ਸਥਾਨ ਤੇ, ਇਕ ਪੰਡਤ ਜਿਸ ਦਾ ਨਾਮ ਲਾਲ ਚੰਦ ਸੀ ਅਤੇ ਉਚੀ ਬ੍ਰਾਹਮਣ ਜਾਤੀ ਦੇ ਹੰਕਾਰ ਵਿਚ ਗ੍ਰਸਿਆ ਹੋਇਆ ਸੀ। ਉਸ ਨੇ ਪ੍ਰਚਾਰ ਕਰਨਾ ਸ਼ੁਰੂ ਕੀਤਾ ਕਿ "7-8 ਸਾਲ ਦਾ ਬੱਚਾ ਆਪਣੇ ਆਪ ਨੂੰ "ਗੁਰੂ ਹਰਿਕ੍ਰਿਸ਼ਨ" ਅਖਵਾਉਂਦਾ ਹੈ। ਕ੍ਰਿਸ਼ਨ ਭਗਵਾਨ ਜੀ ਨੇ ਤਾਂ ਗੀਤਾ ਜੀ ਦਾ ਉਚਾਰਣ ਕੀਤਾ ਸੀ ਪਰ ਇਹ ਉਸ ਤੋਂ ਵੀ ਅਗਾਂਹ "ਹਰਿ ਕ੍ਰਿਸ਼ਨ" ਅਖਵਾਉਂਦਾ ਹੈ। ਜੇਕਰ ਇਸ ਵਿਚ ਏਨੀ ਯੋਗਤਾ ਹੈ ਤਾਂ ਉਸ ਨੂੰ ਆਖੋ ਕਿ

ਉਹ ਗੀਤਾ ਜੀ ਦੇ ਅਰਥ ਕਰਕੇ ਦੱਸਣ''। ਗੁਰੂ ਸਾਹਿਬ ਨੇ ਪੰਡਤ ਲਾਲ ਚੰਦ ਨੂੰ ਸਮਝਾਇਆ ਕਿ ''ਜੇਕਰ ਮੈਂ ਅਰਥ ਕਰ ਵੀ ਦਿੱਤੇ ਤਾਂ ਵੀ ਤੇਰੇ ਮਨ ਦੀ ਸੰਤੁਸ਼ਟੀ ਨਹੀਂ ਹੋਣੀ। ਜੇਕਰ ਤੂੰ ਗੁਰੂ ਨਾਨਕ ਸਾਹਿਬ ਦੇ ਦਰਬਾਰ ਦੀਆਂ ਬਖ਼ਸ਼ਿਸ਼ਾਂ ਵੇਖਣੀਆਂ ਹੀ ਹਨ ਤਾਂ ਤੇਰੇ ਸ਼ਹਿਰ ਵਿਚ, ਜੋ ਵਿਅਕਤੀ ਸਭ ਤੋਂ ਵੱਡਾ ਮੂਰਖ (ਬੁੱਧੂ) ਹੈ, ਉਸ ਨੂੰ ਲੈ ਆ। ਉਹ ਤੇਰੇ ਸਾਰੇ ਪ੍ਰਸ਼ਨਾਂ ਦਾ ਉਤਰ ਦੇਵੇਗਾ।'' ਪੰਡਤ ਲਾਲ ਚੰਦ ਨੇ ਇਸ ਵਿਚ ਆਪਣੀ ਹੇਠੀ ਸਮਝੀ। ਉਸ ਨੇ ਇਕ ਗੂੰਗੇ ਮੂਰਖ ਵਿਅਕਤੀ, ਜੋ ਜਾਤੀ ਦਾ ਝਿਊਰ ਸੀ, ਨੂੰ ਗੁਰੂ ਜੀ ਸਾਹਮਣੇ ਪੇਸ਼ ਕਰ ਦਿੱਤਾ। ਬਾਲ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ 'ਛੱਜੂ ਝਿਊਰ' ਵੱਲ ਨੇਤਰ ਭਰ ਕੇ ਵੇਖਿਆ। ਗੁਰੂ ਨਾਨਕ ਸਾਹਿਬ ਦੇ ਦਰਬਾਰ ਦੀ ਐਸੀ ਬਖ਼ਸ਼ਿਸ਼ ਹੋਈ। ਕੁਝ ਵਿਦਵਾਨ ਆਖਦੇ ਹਨ ਕਿ ਗੁਰੂ ਜੀ ਨੇ ਇਕ ਸੋਟੀ ਛੱਜੂ ਦੇ ਸਿਰ ਤੇ ਰੱਖੀ ਸੀ। ਚਾਹੇ ਸਿਰ ਤੇ ਸੋਟੀ ਸੀ ਜਾਂ ਨੇਤ੍ਰਾਂ ਦੀ ਬਖ਼ਸ਼ਿਸ਼ ਸੀ ਪਰ ਹੈ ਤਾਂ ਗੁਰੂ ਮਿਹਰ ਦਾ ਹੱਥ ਹੀ ਸੀ, ਛੱਜੂ ਦੇ ਸਿਰ ਉਪਰ। ਗੁਰੂ ਮਿਹਰ ਨਾਲ ਛੱਜੂ-ਮੂਰਖ ਗਿਆਨਵਾਨ ਪੰਡਤਾਂ ਵਾਂਗ ਗੀਤਾ ਜੀ ਦੇ ਸਲੋਕਾਂ ਦੇ ਅਰਥ ਕਰਕੇ ਦੱਸਣ ਲੱਗ ਪਿਆ। ਲੋਕ ਹੈਰਾਨ ਰਹਿ ਗਏ। ਗੁਰੂ ਸਾਹਿਬ ਦੇ ਦਰਬਾਰ ਦੀ ਮਹਿਮਾ ਹੋਰ ਵੀ ਵੱਧ ਗਈ। ਹੰਕਾਰੀ ਪੰਡਤ ਨੇ ਬਾਲ ਗੁਰੂ ਹਰਿਕ੍ਰਿਸ਼ਨ ਜੀ ਤੋਂ ਮਾਫ਼ੀ ਮੰਗੀ।

ਗੁਰੂ ਜੀ ਜਦੋਂ ਦਿੱਲੀ ਪਹੁੰਚੇ ਤਾਂ ਰਾਜਾ ਜੈ ਸਿੰਘ ਦੀ ਰਾਣੀ ਨੇ, ਗੁਰੂ ਜੀ ਦੀ ਪਰਖ ਕਰਨ ਲਈ, ਆਪਣੇ ਮਨ ਵਿਚ ਇੱਛਾ ਜਾਹਰ ਕੀਤੀ ਕਿ ''ਜੇਕਰ ਇਹ ਸੱਚਾ ਗੁਰੂ ਅੰਤਰਜਾਮੀ ਹੈ ਤਾਂ ਮੇਰੇ ਮਹੱਲਾਂ ਵਿਚ ਆ ਕੇ, ਮੇਰੀ ਗੋਦੀ ਵਿਚ ਬੈਠੇ''। ਬਹੁਤ ਸਾਰੀਆਂ ਹੋਰ ਅਮੀਰ ਔਰਤਾਂ ਨੂੰ ਰਾਣੀ ਨੇ ਸਦ ਬੁਲਾ ਕੇ, ਆਪਣੇ ਵਰਗੇ ਕੱਪੜੇ ਹੀ ਉਨ੍ਹਾਂ ਨੂੰ ਪੁਵਾ ਕੇ, ਆਪਣੇ ਕੋਲ ਬਿਠਾ ਲਿਆ। ਘਟ-ਘਟ ਦੇ ਜਾਨਣਹਾਰ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ, ਮੁਸਕਰਾਉਂਦੇ ਹੋਏ, ਅਡੋਲ ਹੀ ਰਾਣੀ ਦੀ ਗੋਦੀ ਵਿਚ ਜਾ ਕੇ ਬੈਠ ਗਏ। ਜਿਸ ਨਾਲ ਗੁਰੂ ਘਰ ਦੀ ਸ਼ੋਭਾ ਹੋਰ ਵੀ ਵੱਧ ਗਈ। ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨਿਰਭੈ ਅਤੇ ਨਿਰਵੈਰ ਸਨ। ਔਰੰਗਜ਼ੇਬ ਵੱਲੋਂ ਦਿੱਲੀ ਵਿਖੇ, ਗੁਰੂ ਜੀ ਨੂੰ ਕਈ ਸੁਨੇਹੇ ਭੇਜੇ ਗਏ ਪਰ ਗੁਰੂ ਜੀ ਔਰੰਗਜ਼ੇਬ ਦੇ ਕੋਲ ਨਾ ਗਏ। ਆਪ ਜੀ ਨੇ ਬਚਨ ਕੀਤਾ, ''ਔਰੰਗਜ਼ੇਬ ਅੱਤਿਆਚਾਰ ਕਰ ਰਿਹਾ ਹੈ। ਅਸੀਂ ਉਸਦੇ ਮੱਥੇ ਨਹੀਂ ਲੱਗਣਾ''। ਔਰੰਗਜ਼ੇਬ ਵੱਲੋਂ ਭੇਜੀਆਂ ਹੋਈਆਂ ਵਸਤਾਂ ਵੀ ਗੁਰੂ ਜੀ ਨੇ ਵਾਪਸ ਕਰ ਦਿੱਤੀਆਂ।

ਉਨ੍ਹੀਂ ਦਿਨੀਂ ਦਿੱਲੀ ਵਿਖੇ ਚੇਚਕ ਦੀ ਬਿਮਾਰੀ ਫੈਲੀ ਹੋਈ ਸੀ। ਗੁਰੂ ਜੀ ਨੇ ਇਸ ਮਹਾਂਮਾਰੀ ਦੇ ਰੋਗੀਆਂ ਦੀ ਸੇਵਾ ਲਈ ਸਖ਼ਤ ਘਾਲਣਾ ਘਾਲੀ। ਉਦੋਂ ਗੁਰੂ ਜੀ ਦੀ ਉਮਰ ਮਸਾਂ 7 ਸਾਲ 9 ਮਹੀਨੇ ਦੀ ਹੀ ਸੀ, ਜਦੋਂ ਚੇਚਕ ਨੇ ਆਪ ਜੀ ਤੇ ਵੀ ਹਮਲਾ ਕਰ ਦਿੱਤਾ। ਆਪ ਜੀ ਨੂੰ ਤੇਜ਼ ਬੁਖਾਰ ਹੋ ਗਿਆ। ਸਾਰੇ ਸਰੀਰ ਤੇ ਛਾਲੇ ਛਾਲੇ ਹੋ ਗਏ। ਆਪਣਾ ਅੰਤ ਸਮਾਂ ਨੇੜੇ ਜਾਣ ਕੇ ਗੁਰੂ



ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਗੁਰੂ ਦੁਆਰਾ ਸ਼੍ਰੀ ਬੰਗਲਾ ਸਾਹਿਬ ਦਿੱਲੀ ਵਿੱਖੇ ਚੇਚਕ ਦਾ ਰੋਗ ਦੂਰ ਕਰਦੇ ਹੋਏ ਅਤੇ ਪੰਜੋਖਰਾ ਸਾਹਿਬ ਵਿਖੇ ਛੱਜੂ ਝੀਵਰ ਤੋਂ ਗੀਤਾ ਦੇ ਅਰਥ ਕਰਾਉਂਦੇ ਹੋਏ.

ਜੀ ਨੇ, ਰਾਜਾ ਜੈ ਸਿੰਘ ਦਾ ਮਹੱਲ ਛੱਡ ਦਿੱਤਾ ਅਤੇ ਸੰਗਤਾਂ ਸਮੇਤ ਜਮੁਨਾ ਨਦੀ ਦੇ ਕੰਢੇ (ਦਿੱਲੀ) ਆ ਕੇ ਡੇਰਾ ਲਾ ਲਿਆ। ਸਭ ਸੰਗਤਾਂ ਨੂੰ ਗੁਰੂ ਜੀ ਨੇ ਗੁਰਬਾਣੀ ਅਨੁਸਾਰ ਜੀਵਨ ਜਿਉਣ ਦਾ ਉਪਦੇਸ਼ ਕੀਤਾ। ਗੁਰੂ ਜੀ ਨੇ ਪੰਜ ਪੈਸੇ ਅਤੇ ਨਾਰੀਅਲ ਲੈ ਕੇ ਸੰਗਤ ਨੂੰ ਹੁਕਮ ਕੀਤਾ 'ਬਾਬਾ ਬਕਾਲੇ'। ਜਿਸ ਦਾ ਭਾਵ ਸੀ ਕਿ ਅਗਲਾ ਗੁਰੂ ਬਾਬਾ – ਬਾਬੇ ਬਕਾਲੇ (ਜ਼ਿਲ੍ਹਾ ਅੰਮ੍ਰਿਤਸਰ) ਵਿਖੇ ਹੈ। ਇਹ ਸੰਕੇਤ ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲ ਸੀ।

ਕੌਮੀ ਜ਼ਿੰਮੇਵਾਰੀ ਅਤੇ ਪਰਖ - ਜਦ ਗੁਰੂ ਜੀ ਦਾ ਜੋਤੀ ਜੋਤ ਸਮਾਉਣ ਦਾ ਸਮਾਂ ਆਇਆ ਤਾਂ ਆਪ ਨੇ ਸੰਗਤਾਂ ਨੂੰ ਬਾਬਾ ਬਕਾਲੇ ਕਹਿਣ ਦਾ ਭਾਵ ਸੀ ਕੌਮ ਆਪਣਾ ਆਗੂ ਆਪ ਚੁਨਣਾ ਸਿੱਖੇ ਤੇ ਕੌਮ ਨੂੰ ਖੋਟੇ ਅਤੇ ਖਰੇ ਦੀ ਪੜਤਾਲ ਦਾ ਹੱਕ ਹੋਵੇ। ਸਾਰੀ ਗੱਲ ਇਸ ਕਰਕੇ ਸੰਗਤਾਂ ਦੇ ਸਹਾਰੇ ਛੱਡ ਦਿੱਤੀ। ਕਿਤੇ ਕੌਮ ਧੀਰਮੱਲ ਜਿਹੇ ਨੂੰ ਆਪਣਾ ਆਗੂ ਚੁਣ ਲੈਂਦੀ ਤਾਂ ਸਾਬਤ ਹੋ ਜਾਂਦਾ ਕਿ ਇਹ ਕੌਮ ਦੁਨੀਆਂ ਵਿਚ ਵਧਣ ਫੁੱਲਣ ਦੇ ਲਾਇਕ ਨਹੀਂ ਕਿਉਂਕਿ ਇਸ ਨੂੰ ਆਪਣਾ ਆਗੂ ਚੁਨਣ ਦੀ ਜਾਂਚ ਨਹੀਂ। ਪਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਦਿੱਤੀ ਸ਼ਹਾਦਤ ਬਿਰਥੀ ਜਾਣ ਵਾਲੀ ਨਹੀਂ ਸੀ। ਗੁਰੂ ਹਰਿਕ੍ਰਿਸ਼ਨ ਜੀ ਦਾ ਭਰੋਸਾ ਗਲਤ ਨਹੀਂ ਸੀ। ਕੌਮ ਨੇ ਆਪਣਾ ਆਗੂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਚੁਣਿਆ। ਇਨ੍ਹਾਂ ਚੁਨਣ ਵਾਲਿਆਂ ਵਿਚੋਂ ਬਾਬਾ ਮੱਖਣ ਸ਼ਾਹ ਲੁਬਾਣਾ ਮੋਹਰੀ ਸੀ। ਸੰਗਤਾਂ ਵੱਲੋਂ ਲੱਭੇ ਗੁਰੂ ਨੇ ਆਪਣੇ ਸਾਰੇ ਜੀਵਨ ਤੇ ਪਵਿੱਤਰ ਬਾਣੀ ਤੇ ਆਖਰ ਆਪਣੀ ਲਾਸਾਨੀ ਸ਼ਹੀਦੀ ਦੁਆਰਾ ਇਹ ਸਾਬਤ ਕਰ ਦਿੱਤਾ ਕਿ ਕੌਮ ਦੀ ਚੋਣ ਗਲਤ ਨਹੀਂ ਸੀ।

30 ਮਾਰਚ 1664 ਈ. ਨੂੰ ਦਿੱਲੀ ਵਿਖੇ ਜਮੁਨਾ ਨਦੀ ਦੇ ਕੰਢੇ, ਗੁਰੂ ਜੀ ਜੋਤਿ ਨਾਲ ਜੋਤਿ ਮਿਲਾ ਗਏ। ਇਸ ਵੇਲੇ ਇਥੇ ਸੁੰਦਰ ਗੁਰਦੁਆਰਾ 'ਸ੍ਰੀ ਬਾਲਾ ਸਾਹਿਬ' ਸੁਸ਼ੋਭਿਤ ਹੈ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨਿਰੰਕਾਰੀ ਜੋਤਿ ਸਨ। ਆਪ ਗਰੀਬਾਂ, ਰੋਗੀਆਂ ਅਤੇ ਲੋੜਵੰਦਾਂ ਦੀ ਸਹਾਇਤਾ ਲਈ ਆਪ ਜੀ ਸਦਾ ਹੀ ਤਤਪਰ ਰਹਿੰਦੇ ਸਨ।

ਰੱਖੜ ਪੁੰਨਿਆਂ ਤੇ ਵਿਸ਼ੇਸ਼

ਵਿਸ਼ਵਾਸ ਦਾ ਸਿਖਰ - ਬਾਬਾ ਮੱਖਣ ਸ਼ਾਹ ਲੁਬਾਣਾ

ਸਿੱਖ ਧਰਮ ਦੇ ਇਤਿਹਾਸ ਵਿਚ ਬਾਬਾ ਮੱਖਣ ਸ਼ਾਹ ਲੁਬਾਣਾ ਦਾ ਨਾਮ ਧਰੂ ਤਾਰੇ ਵਾਂਗ ਚਮਕਦਾ ਹੈ। ਇਸ ਮਹਾਂਪੁਰਖ ਦਾ ਜਨਮ ਸੰਨ 1919 ਈ. ਵਿਚ ਪਿੰਡ ਟਾਂਡਾ ਜ਼ਿਲ੍ਹਾ ਗੁਜਰਾਤ ਹਾਲ ਪਾਕਿਸਤਾਨ ਵਿਚ ਪਿਤਾ ਦਾਸੇ ਸ਼ਾਹ ਦੇ ਘਰ ਹੋਇਆ। ਇਹ ਟਾਂਡਾ ਜ਼ਿਲ੍ਹਾ ਗੁਜਰਾਤ ਵਾਲਾ ਹੀ ਟਾਂਡਾ ਸੀ ਜਾਂ ਨਹੀਂ ਬਾਰੇ ਵਿਦਵਾਨਾਂ ਦੀਆਂ ਵੱਖ-ਵੱਖ ਰਾਵਾਂ ਹਨ। ਪ੍ਰੰਤੂ ਜਨਮ ਦਾ ਸਾਲ 1619 ਹੀ ਸੀ ਬਾਰੇ ਸਾਰੇ ਵਿਦਵਾਨਾਂ ਦਾ ਇਕਮੱਤ ਹੈ। ਪੁਰਾਤਨ ਸਮੇਂ ਤੋਂ ਬ੍ਰਿਟਿਸ਼ ਰਾਜ ਦੇ ਮੁੱਢਲੇ ਦਿਨਾਂ ਤੱਕ ਲੁਬਾਣਾ ਬਰਾਦਰੀ ਦਾ ਮੁੱਖ ਧੰਦਾ ਸਮਾਨ ਦੀ ਢੋਆ-ਢੁਆਈ ਸੀ। ਮੁੱਖ ਤੌਰ ਤੇ ਉਹ ਆਪਣੇ ਬਲਦਾਂ ਤੇ ਸਮਾਨ ਲੱਦ ਕੇ ਇਧਰ-ਉਧਰ ਦੂਰ-ਦੁਰਾਡੇ ਤੱਕ ਢੋਆ-ਢੁਆਈ ਦਾ ਕੰਮ ਕਰਦੇ ਸਨ। ਬਲਦਾਂ ਤੋਂ ਅੱਗੇ ਗੱਡਿਆਂ ਦੀਆਂ ਵਹੀਰਾਂ ਅਤੇ ਸਮਰੱਥਾ ਮੁਤਾਬਕ ਦਰਿਆਵਾਂ ਵਿਚ ਬੇੜਿਆਂ ਰਾਹੀਂ ਢੋਆ-ਢੁਆਈ ਦਾ ਧੰਦਾ ਕੀਤਾ ਜਾਂਦਾ ਸੀ। ਧਨਾਢ ਸਿੱਖ ਮੱਖਣ ਸ਼ਾਹ ਲੁਬਾਣਾ ਜੋ ਗੁਰੂ ਨਾਨਕ ਦੇ ਘਰ ਦਰਬਾਰ ਦਾ ਅਨਿਨ ਸ਼ਰਧਾਲੂ ਤੇ ਵੱਡਾ ਵਪਾਰੀ ਸੀ, ਦਾ ਦਰਿਆਈ ਅਤੇ ਸਮੁੰਦਰੀ ਰਸਤੇ ਬੇੜੇ ਰਾਹੀਂ ਢੋਆ ਢੁਆਈ ਦਾ ਵਪਾਰ ਵੀ ਸੀ।

ਇਕ ਵਾਰ ਮੱਖਣ ਸ਼ਾਹ ਲੁਬਾਣੇ ਦਾ ਜਹਾਜ਼ ਤੇਜ ਹਵਾਵਾਂ ਅਤੇ ਉੱਚੀਆਂ ਲਹਿਰਾਂ ਦੇ ਤੂਫ਼ਾਨ ਵਿਚ ਫਸ ਗਿਆ। ਜਹਾਜ਼ ਡੋਲੇ ਖਾਣ ਲੱਗਾ। ਸਿੱਖ ਦਾ ਬੇੜਾ ਸ਼ਰਧਾ ਤੇ ਵਿਸ਼ਵਾਸ ਨਾਲ ਪਾਰ ਹੁੰਦਾ ਹੈ। ਬਾਣੀ ਵਿਚ ਜ਼ਿਕਰ ਹੈ।

''ਜੋ ਮਨ ਚਿਤ ਲਾਇ ਪੂਜੇ ਗੁਰੂ ਮੂਰਿਤ,
ਸੋ ਮੰਨ ਚਿੰਦੇ ਅਨੇਕ ਫਲ ਪਾਂਹੀ ॥''

ਸੁਰਿੰਦਰ ਸਿੰਘ ਰੂਬੀ
ਆਬਕਾਰੀ ਤੇ ਕਰ ਅਫ਼ਸਰ
(ਸੇਵਾ ਮੁਕਤ)
ਸੰਪਾਦਕ
98141-28181



ਮੱਖਣ ਸ਼ਾਹ ਦੇ ਗੁਰੂ ਨਾਨਕ ਜੀ ਦੇ ਦਰਬਾਰ ਦੀ ਗੁਰ ਗੱਦੀ ਦਾ ਧਿਆਨ ਰੱਖ ਕੇ ਸ਼ਰਧਾ ਨਾਲ ਅਰਦਾਸ ਕੀਤੀ ਕਿ ਹੇ ਗੁਰੂ ਨਾਨਕ ਦੇਵ ਜੀ ਸੱਚੇ ਪਾਤਸ਼ਾਹ ਆਪ ਜੀ ਮੇਰੇ ਜਨ ਮਾਲ ਦੀ ਰਾਖੀ ਕਰੋ, ਇਸ ਬਿਪਤਾ ਵਿਚੋਂ ਮੇਰੇ ਬੇੜੇ ਨੂੰ ਸੁੱਖੀ ਸਾਂਦੀ ਬਾਹਰ ਕੱਢੋ, ਮੈਂ ਆਪ ਜੀ ਦੀ ਗੱਦੀ ਦੇ ਦਰਬਾਰ ਵਿਚ ਹਾਜ਼ਰ ਹੋ ਕੇ ਤਨ, ਮਨ ਅਤੇ ਧਨ ਨਾਲ ਨਤਮਸਤਕ ਹੋਵਾਗਾਂ। ਸਿੱਖ ਦੀ ਸ਼ਰਧਾ ਭਰੀ ਅਰਦਾਸ ਮਨਜ਼ੂਰ ਹੋਈ।

ਗੁਰ ਪੂਰਾ ਜਿਨ ਸਿਮਰਿਆ, ਸੇਈ ਭਏ ਨਿਹਾਲਾ।

ਬੇੜਾ ਸਹੀ ਸਲਾਮਤ ਬੰਨੇ ਲੱਗ ਪਿਆ। ਸਿੱਖ ਦੀ ਰਸਨਾ ਤੇ ਆਇਆ ਧੰਨ ਸਤਿਗੁਰੂ-**''ਤੂੰ ਕਰਤਾ ਤੂੰ ਕਰਣੇ ਯੋਗ ॥''** ਧੰਨ ਮੇਰੇ ਪਾਤਸ਼ਾਹ ਸੇਵਕਾਂ ਦੇ ਸਦਾ ਸਹਾਈ, ਆਪ ਜੀ ਦਾ ਲੱਖ-ਲੱਖ ਸ਼ੁਕਰ ਹੈ।

ਸਿੱਖ ਦਾ ਜਹਾਜ਼ ਕਿਨਾਰੇ ਲੱਗਾ। ਪਹਿਲੀ ਫੁਰਸਤ ਹੀ ਕਿਨਾਰੇ ਲਗਾਉਣ ਵਾਲੇ ਗੁਰੂ ਦੇ ਦਰਸ਼ਨ ਕਰਨ ਅਤੇ ਸ਼ੁਕਰਾਨਾ ਕਰਨ ਲਈ ਪਰਿਵਾਰ ਅਤੇ ਸੇਵਕਾਂ ਸਮੇਤ ਨਿਕਲ ਤੁਰਿਆ। ਪਤਾ ਲੱਗਾ ਅੱਠਵੇਂ ਗੁਰੂ ਨਾਨਕ ਸਾਹਿਬ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਜੋਤੀ ਜੋਤ ਸਮਾ ਚੁੱਕੇ ਹਨ। ਅੰਤਮ ਸਮੇਂ ਪੰਜ ਪੈਸੇ ਤੇ ਨਾਰੀਅਲ ਰੱਖ ਕੇ 'ਬਾਬਾ ਬਕਾਲੇ' ਕਹਿ ਕੇ ਨਮਸ਼ਕਾਰ ਕਰਕੇ ਸੰਗਤਾਂ ਨੂੰ ਅਗਲਾ ਗੁਰੂ ਬਾਬੇ ਬਕਾਲੇ ਵਿਚ ਹੋਣ ਦਾ ਇਸ਼ਾਰਾ ਕਰ ਗਏ ਹਨ।

ਸਿੱਖ ਨੇ ਬਾਬਾ ਬਕਾਲਾ ਨਗਰ ਦਾ ਰਾਹ ਫੜਿਆ। ਬਕਾਲੇ ਪਹੁੰਚੇ ਕੇ ਮੱਖਣ ਸ਼ਾਹ ਨੇ ਸਾਰੇ ਡੇਰੇ ਸਮੇਤ ਨਗਰ ਦੇ ਬਾਹਰ ਖੁੱਲ੍ਹੀ ਜਗ੍ਹਾ ਤੇ ਤੰਬੂ-ਕਨਾਤਾਂ ਲਗਾ ਲਏ। ਰਾਤ ਵਿਸ਼ਰਾਮ ਕੀਤਾ। ਬੀਤੀ ਸਵੇਰ ਅੰਮ੍ਰਿਤ ਵੇਲੇ ਉੱਠੇ , ਇਸ਼ਨਾਨ ਪਾਠ ਕਰਕੇ ਅਰਦਾਸ ਕੀਤੀ ਅਤੇ ਬੇਨਤੀ ਕੀਤੀ ਕਿ ਹੇ ਸੱਚੇ ਪਾਤਸ਼ਾਹ, ਅੱਠਵੇਂ ਗੁਰੂ ਜੀ ਦੇ ਬਾਬਾ ਬਕਾਲੇ ਫੁਰਮਾਨ ਕਾਰਨ ਗੁਰੂ ਪਰਿਵਾਰਾਂ ਨਾਲ ਕਿਸੇ ਤਰ੍ਹਾਂ ਦਾ ਵੀ ਰਿਸ਼ਤਾ ਰੱਖਣ ਵਾਲੇ, ਖਾਸ ਤੌਰ ਤੇ ਸੋਢੀ ਪਰਿਵਾਰਾਂ ਵਿਚੋਂ 22 ਮਸੰਦ ਖੁਦ ਸੱਚਾ ਗੁਰੂ ਹੋਣ ਦਾ ਦਾਅਵਾ ਕਰਕੇ ਵੱਖ-ਵੱਖ ਹੱਟੀਆਂ (ਦੁਕਾਨਾਂ) ਖੋਲ੍ਹ ਕੇ ਬੈਠ ਗਏ ਹਨ, ਗਰੀਬ ਨਿਵਾਜ ਸੋਝੀ ਦਿਓ, ਮੈਂ ਕਿਵੇਂ ਲੱਭ ਸਕਾਂ ਆਪ ਜੀ ਨੂੰ। ਪ੍ਰਾਰਥਨਾ ਭਰੀ ਅਰਦਾਸ ਹੋਈ। ਮੱਥਾ ਟੇਕਿਆ, ਤਿਆਗੀ ਕਰਕੇ ਦਰਸ਼ਨਾਂ ਨੂੰ ਤੁਰ ਪਏ।

ਧੀਰ ਮੱਲ ਸਮੇਤ ਸਾਰੀਆਂ ਮੰਜੀਆਂ ਤੇ ਸਜੇ ਅਖੌਤੀ ਤੇ ਪਾਖੰਡੀ ਗੁਰੂਆਂ ਨੂੰ ਕਿਸੇ ਨੂੰ ਦੋ, ਕਿਸੇ ਨੂੰ ਪੰਜ ਮੋਹਰਾ ਰੱਖ ਕੇ ਮੱਥਾ ਟੇਕਿਆ। ਸਭ ਨੇ ਮੋਹਰਾ ਜੇਬ ਵਿਚ ਪਾਈਆਂ ਤੇ ਰੱਜ-ਰੱਜ ਕੇ ਅਸੀਸਾਂ ਦਿੱਤੀਆਂ। ਸਿੱਖ ਦਾ ਮਨ ਵਿਯੋਗ ਵਿਚ ਆ ਗਿਆ ਕਿ ਸੱਚੇ ਗੁਰੂ ਨੇ ਮੈਨੂੰ ਕਿਉਂ ਨਹੀਂ ਪਛਾਣਿਆ? ਕਿਉਂ ਨਹੀਂ ਜੋ ਮੈ ਸੁਖਿਆ ਸੀ ਮੇਰੇ ਪਾਸੋਂ ਮੰਗ ਲਿਆ, ਜੋ ਇੰਨੀ ਦੂਰੀ ਤੋਂ ਮੇਰੀ ਕੀਤੀ ਅਰਦਾਸ ਸੁਣ ਕੇ ਮੇਰਾ ਬੇੜਾ ਬੰਨੇ ਲਗਾ ਸਕਦਾ ਹੈ, ਉਹ ਮੇਰੇ ਆਏ ਤੋਂ ਆਪਣੀ ਅਮਾਨਤ ਮੰਗ ਕੇ ਮੈਨੂੰ ਸੇਵਕ ਨੂੰ ਖੁਸ਼ੀਆਂ ਨਾਲ ਭਰ ਕਿਉਂ ਨਹੀਂ ਰਿਹਾ? ਮੰਨ ਉਦਾਸ ਸੀ? ਇਕ ਸਥਾਈ ਰਾਹਗੀਰ ਨੂੰ ਪੁਛਿਆ ਕੋਈ ਹੋਰ ਵੀ ਹੈ ? ਜਵਾਬ ਮਿਲਿਆ ਇਕ ਮਸਤਾਨਾ ਜਿਹਾ ਸੋਢੀ ਹੋਰ ਵੀ ਹੈ, ਜੋ ਛੇਵੇਂ ਸਤਿਗੁਰੂ ਜੀ ਦਾ ਛੋਟਾ ਸਾਹਿਬਜ਼ਾਦਾ ਹੈ, ਉਸਦਾ ਨਾਮ ਤੇਗ ਬਹਾਦਰ ਹੈ, ਲੋਕ ਤੇਗਾ ਕਮਲਾ ਵੀ ਕਹਿੰਦੇ ਹਨ। ਭੋਰੇ ਵਿਚ ਲੁਕਿਆ ਰਹਿੰਦਾ ਹੈ। ਰੱਬ ਦੇ ਨਾਮ ਵਿਚ ਮਸਤ ਹੈ। ਬਾਹਰੀ ਦੁਨੀਆਂ ਤੋਂ ਅਲਮਸਤ ਹੈ। ਸੁਣ ਕੇ ਮੱਖਣ ਸ਼ਾਹ ਦੇ ਚਿਹਰੇ ਤੇ ਖੇੜਾ ਆ ਗਿਆ। ਦਿਲ ਨੇ ਤਸੱਲੀ ਦਿੱਤੀ। ਆਤਮਾ ਨੇ ਆਖਿਆ ਤੇਰੀ ਮੁਰਾਦ ਪੂਰੀ ਹੋਣ ਵਾਲੀ ਹੈ। ਢਿੱਲ ਨਾ ਲਾ। ਅੱਠਵੇਂ ਪਾਤਸ਼ਾਹ ਨੇ ਕਿਹਾ ਸੀ'ਬਾਬਾ ਬਕਾਲੇ' ਜੋ ਇਹ ਛੇਵੇਂ ਪਾਤਸ਼ਾਹ ਦਾ ਸਾਹਿਬਜ਼ਾਦਾ ਹੈ ਤਾਂ ਫਿਰ ਰਿਸ਼ਤੇ ਵਿਚ ਵੀ ਤਾਂ ਅੱਠਵੇਂ ਪਾਤਸ਼ਾਹ ਦਾ 'ਬਾਬਾ' ਹੀ ਲਗਾ। ਲੱਗਦੈ ਇਹੋ ਅਸਲੀ ਏ ਪਰ ਪਰਖ ਕਰ ਕੇ ਹੀ ਮੰਨਾਂਗੇ।

ਪਹੁੰਚ ਕੇ ਮਾਤਾ ਨਾਨਕੀ ਜੀ ਨੂੰ ਦਰਸ਼ਨ ਕਰਨ ਦੀ ਮਨਜ਼ੂਰੀ ਦੀ ਖਾਹਸ਼ ਜ਼ਾਹਿਰ ਕੀਤੀ। ਮਾਤਾ ਨੇ ਕਿਹਾ ਦੁਨਿਆਵੀ ਜੀਵਾਂ ਨੂੰ ਮਿਲਦੇ ਨਹੀਂ। ਜਿੱਦ ਕਰਨ ਤੇ ਮਾਤਾ ਨੇ ਅੰਦਰੋਂ ਮਨਜ਼ੂਰੀ ਲੈ ਦਿੱਤੀ। ਪਹੁੰਚ ਕੇ ਦੀਦਾਰੇ ਕੀਤੇ, ਕਪਾਟ ਖੁੱਲ੍ਹ ਗਏ, ਰੂਹ ਸਰਸ਼ਾਰ ਹੋ ਗਈ ਪਰ ਪਰਖ ਦੀ ਕਸਵੱਟੀ ਲਾ ਦਿੱਤੀ। ਪੰਜ ਮੋਹਰਾਂ ਰੱਖ ਕੇ ਮੱਥਾ ਟੇਕਿਆ। ਮਨ ਵਿਚ ਅਰਦਾਸ ਕੀਤੀ ਜੇ ਤੂੰ ਹੀ ਮੇਰਾ ਬੇੜਾ ਪਾਰ ਲਗਾਉਣ ਵਾਲਾ ਹੈ ਤਾਂ ਕਰ ਕੋਈ ਇਸ਼ਾਰਾ।

‘‘ਸ੍ਰੀ ਗੁਰੂ ਤੇਗ ਬਹਾਦਰ ਚੰਦ।
ਕਹਯੋ ਤਿਸੈ ਹੋ ਸਿੱਖ ਬਲੰਦ।
ਸਾਗਰ ਸਮੋਂ ਜਹਾਜ਼ ਲੰਘਾਵਨਿ।
ਤਹਿ ਜੋ ਕੀਨ ਸੰਕਲਪ ਉਠਾਵਿਨ।
ਅਰ ਦਸੋਂਧ? ਗੁਰ ਕੋ ਹੈ ਜੋਤਾ।
ਅਰਪਨ ਦਰਬ ਕਰਹੁ ਅਬ ਤੇਤਾ।
ਸਿਖੀ ਮਹਿ ਸ਼ਰਧਾ ਨਿਤ ਰਾਖਹੁ।
ਗੁਰ ਹਾਜਰ ਸਦ ਜਹਾਂ ਭਿਲਾਖੀ॥’’

ਇਹ ਸੁਣ ਕੇ ਮੱਖਣ ਸ਼ਾਹ ਦੇ ਕਪਾਟ ਖੁੱਲ੍ਹ ਗਏ, ਨੇਤਰਾਂ ਵਿਚੋਂ ਵੈਰਾਗ ਵਹਿ ਤੁਰਿਆ। ਕਿਤਨਾ ਚਿਰ ਚੁੱਪ ਰਿਹਾ। ਪਪੀਹੇ ਨੂੰ ਸਵਾਂਤੀ ਬੂੰਦ ਮਿਲ ਗਈ।

‘ਹੇ ਸਤਗੁਰ ਪੂਰਨ ਕਰ ਦਯਾ।
ਸਾਗਰ ਪਤਾ ਜੁ ਰਾਵਰਿ ਦਯਾ।
ਨਯਾ ਜਨਮ ਹੋਵਤਿ ਭਾ ਮੋਰਾ।
ਕਰਯੋ ਨਿਵਾਰਿਨ ਸੰਕਟ ਘੋਰਾ।’

ਸਾਰੇ ਸੰਸਾਰ ਨੂੰ ਅੰਨ ਤੇ ਧੰਨ ਨਾਲ ਪੂਰਨ ਕਰਨ ਵਾਲੇ, ਗੁਰਦੇਵ ਜੀਓ, ਆਪ ਨੇ ਮੈਥੋਂ ਦਸਵੰਧ ਤੇ ਸੁਖਨਾ ਨਹੀਂ ਮੰਗੀ। ਇਸ ਬਹਾਨੇ ਆਪ ਨੇ ਮੋਏ ਹੋਏ ਸੇਵਕ ਨੂੰ ਜਿਵਾਲ ਦਿੱਤਾ ਹੈ। ਮੇਰੇ ਵੱਡੇ ਭਾਗ ਹਨ ਜਿਸ ਨੂੰ ਤੁਸਾਂ ਦਰਸ਼ਨ ਕਰਨ ਦਾ ਸੁਭਾਗ ਬਖਸ਼ਿਆ ਹੈ। ਮੇਰੇ ਡੁੱਬਦੇ ਨੂੰ ਸਹਾਰਾ ਮਿਲਿਆ ਹੈ। ਨਰਕੀ ਜੀਵ ਨੂੰ ਸਵਰਗ ਦੀ ਪ੍ਰਾਪਤੀ ਹੋਈ ਹੈ। ਗੁਰੂ ਜੀ ਅੱਗੇ ਹੱਥ ਬੰਨ ਕੇ ਅਰਜ਼ੋਈ ਕੀਤੀ ਹੇ ਸੱਚੇ ਪਾਤਸ਼ਾਹ ਆਪ ਜੀ ਦੇ ਪ੍ਰਗਟ ਹੋ ਜਾਣ ਦਾ ਸਮਾਂ ਆ ਗਿਆ ਹੈ। ਹੁਣ ਮੈਂ ਕਦਾਚਿਤ ਵੀ ਆਪ ਜੀ ਨੂੰ ਗੁਰਗੱਦੀ ਤੋਂ ਦੂਰ ਨਹੀਂ ਰਹਿਣ ਦੇਣਾ।

‘‘ਸ੍ਰੀ ਗੁਰੂ ਤੇਗ ਬਹਾਦਰ ਸੁਨਿ ਕੈ।
ਬਰਜਨ ਕੀਨਸ ਬਾਕਿਨ ਭਨਿ ਕੈ॥
ਹਮ ਕੋ ਜਾਹਰ ਬਾਹਰ ਕਰੋ॥
ਪੁਨ ਨਾ ਮਨੋਰਥ ਇਹ ਉਰ ਧਰੋ।
ਜੋ ਮਾਨੁੱਖ ਇਮ ਕਰ ਹੈ ਕਾਰਾ।
ਤਿਹ ਮੁਖ ਹੋਇ ਦਰਗਹਿ ਮਹਿ ਕਾਰਾ।’’

ਸੁਣਦਿਆਂ ਹੀ ਮੱਖਣ ਸ਼ਾਹ ਲੰਗਰ ਘਰ ਵੱਲ ਵਧਿਆ। ਤਵੇ ਦੀ ਸਿਆਹੀ ਨਾਲ ਹੱਥ ਭਰ ਕੇ ਮੂੰਹ ਤੇ ਲਾਇਆ। ਸੋਚਿਆ ਦਰਗਾਹ ਵਿਚ ਮੂੰਹ ਕਾਲਾ ਕਰਵਾਉਣ ਨਾਲੋਂ ਇਥੇ ਕੀਤਾ ਚੰਗਾ ਹੈ। ਲੋਕ ਲਾਜ ਦੀ ਪ੍ਰਵਾਹ ਨਾ ਕੀਤੀ। **‘ਆਪ ਗਵਾਈਏ ਤਾਂ ਸਹੁ ਪਾਈਏ’** ਵਾਲੀ ਗੱਲ ਤੇ ਅਮਲੀ ਜਾਮਾ ਪਹਿਨਾਇਆ। ਭੇਂਟ ਅੱਗੇ ਰੱਖੀ, ਦਸਵੰਧ ਭੇਟ ਕੀਤਾ। ਗਲ ਵਿੱਚ ਪੱਲਾ ਪਾ ਕੇ ਬੇਨਤੀ ਕੀਤੀ। ਗੁਰੂ ਨਾਨਕ ਦੀ ਸਿੱਖੀ ਜਿਸ ਦਾ ਚਹੁੰ ਕੂੰਟਾਂ ਵਿਚ ਫੈਲਿਆ ਹੋਇਆ ਹੈ, ਦੀ ਰਹਿਬਰੀ ਸਾਰਸ਼ਾਰ ਹੋ ਕੇ ਸੰਭਾਲੋ, ਗੁਰੂ ਹਰਕ੍ਰਿਸ਼ਨ ਜੀ ਵੱਲੋਂ ਉਚਰੇ ਸ਼ਬਦ **‘ਬਾਬਾ ਬਕਾਲੇ’** ਦੇ ਇਸ਼ਾਰੇ ਨੂੰ ਅਸਲੀ ਜਾਮਾ ਪਹਿਨਾਓ, ਉਪਰੋਕਤ ਹੁਕਮਾਂ ਅਨੁਸਾਰ ਹੀ ਸਿੱਖ ਸੰਗਤ ਗੁਰੂ ਦਰਸ਼ਨਾਂ ਲਈ ਭੇਟਾਂ ਲੈ ਕੇ ਬਕਾਲੇ ਆਉਂਦੀ ਹੈ, ਉਹਨਾਂ ਦੀ ਸ਼ਰਧਾ ਸਿਦਕ ਇਹਨਾ ਆਪੇ ਬਣੇ ਗੁਰੂਆਂ ਦੇ ਢਾਹੇ ਚੜ੍ਹ ਕੇ ਘਟ ਜਾਂਦੀ ਹੈ, ਆਪ ਹੀ ਅੱਠਵੇਂ ਸਤਿਗੁਰੂ ਦੇ ਕਹੇ ਹੋਏ ਮੁਖਵਾਕ ਨੂੰ ਸਤ ਕਰੋ, ਗੁਰਗੱਦੀ ਤੇ ਸੁਭਾਇਮਾਨ ਹੋ ਕੇ ਸਿੱਖੀ ਨੂੰ ਸੰਭਾਲੋ।

ਗੁਰੂ ਮਹਾਰਾਜ ਸਿਦਕੀ ਸਿੱਖ ਦੀ ਸ਼ਰਧਾ, ਸਿਦਕ, ਪ੍ਰੇਮ, ਨਿਮਰਤਾ ਤੇ ਵਿਸ਼ਵਾਸ ਵੇਖ ਕੇ ਪ੍ਰਸੰਨ ਹੋ ਗਏ। ਪ੍ਰਵਾਨਗੀ ਦੇ ਦਿੱਤੀ ਆਖਿਆ ਜਾਹ ਹੁਣ ਮੂੰਹ ਧੋ ਕੇ ਆਓ।

‘‘ਗੁਰੂ ਆਖਿਆ ਲੈ ਮੱਖਣ ਸ਼ਾਹੁ। ਮੁਖ ਧੋਯੋ ਲੈ ਜਲ ਕਰ ਮਾਹੁ।
ਗੁਰ-ਗਿਰਾ ਘਰ ਇੱਛਾ ਜਾ ਕੀ। ਪੁਰਨ ਕੀਨਿ ਮਨਿ ਮਨ ਨੀਕੀ॥’’

ਸੁੰਦਰ ਪੁਸ਼ਾਕਾ ਪਹਿਨ ਕੇ ਗੁਰੂ ਜੀ ਸਿੰਘਾਸਨ ਤੇ ਬੈਠੇ। ਚੌਰ ਬਰਦਾਰ ਸਿਰ ਉਪਰ ਚੌਰ ਕਰ ਰਿਹਾ ਹੈ। ਮੱਖਣ ਸ਼ਾਹ ਭੱਜ ਕੇ ਕੋਠੇ ਤੇ ਚੜ੍ਹ ਗਿਆ। ਪੱਲਾ ਹਿਲਾ ਹਿਲਾ ਕੇ ਉਚੀ-ਉਚੀ ਆਵਾਜ਼ ਦਿੱਤੀ**‘ਗੁਰੂ ਲਾਧੋ ਰੇ, ਗੁਰੂ ਲਾਧੋ ਰੇ।’**

‘‘ਤਿਹ ਛਿਨ ਮੱਖਣ ਚਢਿਯੋ ਊਚ ਅਟਾਰੀ।
ਸਭ ਸੰਗਤ ਸੋਂ ਊਚ ਉਚਾਰੀ।
ਭਲੀਏ ਸੰਗਤ ਸਣਹ ਸੋਕਾਨ।
ਸਤਗੁਰ ਲਧਾ ਮਹਿਦ ਮਹਾਨ।
ਸੰਸੈ ਭਰਮ ਰਿਦੈ ਕੋ ਤਜਿ ਕੇ।
ਜਨਮ ਸਧਾਰਨ ਸ੍ਰੀ ਗੁਰ ਭਜ ਕੈ॥’’

ਇਹ ਸੁਣ ਕੇ ਸੰਗਤ ਦੌੜੀ ਆਈ। ਦਰਸ਼ਨ ਕੀਤੇ, ਭੇਟਾ ਰੱਖੀਆਂ, ਚਾਰ-ਚੁਫੇਰੇ ਰੌਲਾ ਪੈ ਗਿਆ। ਜਿਸ ਨੂੰ ਲੋਕ ‘ਤੇਗ਼ਾ ਕਮਲਾ’ ਕਹਿੰਦੇ ਸਨ ਉਹ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਨ ਸ਼ਕਤੀਆਂ ਦੇ ਮਾਲਕ ਹਨ। ਜਿਨ੍ਹਾਂ ਨੇ ਮੱਖਣ ਸ਼ਾਹ ਲੁਬਾਣੇ ਦਾ ਡੁੱਬਦਾ ਜਹਾਜ਼ ਬੰਨੇ ਲਾਇਆ ਹੈ। ਉਸ ਸ਼ਰਧਾਲੂ ਸਿੱਖ ਨੇ ਸਭ ਸੰਗਤਾਂ ਦੇ ਭਲੇ ਲਈ ਗੁਰੂ ਜੀ ਨੂੰ ਪ੍ਰਗਟ ਕਰ ਦਿੱਤਾ ਹੈ। ਚੰਦਰਮਾ ਚੜ੍ਹ ਪਿਆ ਹੈ, ਹੁਣ ਹਨ੍ਹੇਰਾ ਨਹੀਂ ਰਹੇਗਾ। ਭਾਈ ਮੱਖਣ ਮੱਖਣ ਸ਼ਾਹ ਲੁਬਾਣੇ ਨੇ ਆਪਣੇ ਵਿਸ਼ਵਾਸ ਰਾਹੀਂ ਕਾਰਨਾਮਾ ਕਰ ਵਿਖਾਇਆ ਹੈ।

ਇਸ ਤੋਂ ਉਪਰੰਤ ਵੀ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਸਤਿਗੁਰੂ ਦੇ ਸੰਗ ਰਹੇ। ਧੀਰ ਮੱਲ ਤੇ ਸ਼ੀਹੇ ਮਸੰਦ ਨੂੰ ਸੋਧਿਆ। ਸਤਿਗੁਰੂ ਦੀਆਂ ਖੁਸ਼ੀਆਂ ਅਤੇ ਅਸੀਸਾਂ ਪ੍ਰਾਪਤ ਕੀਤੀਆਂ।

ਸਮੁੱਚਾ ਸਿੱਖ ਪੰਥ ਅਤੇ ਖਾਸਕਰ ਲੁਬਾਣਾ ਬਰਾਦਰੀ ਬਾਬਾ ਮੱਖਣ ਸ਼ਾਹ ਲੁਬਾਣੇ ਦੇ ਇਸ ਕਾਰਨਾਮੇ ਨੂੰ ਹਮੇਸ਼ਾ ਸਿਜਦਾ ਕਰਦੇ ਰਹਿਣਗੇ। ਹਰ ਸਾਲ ਦੀ ਤਰ੍ਹਾਂ ਬਾਬਾ ਬਕਾਲਾ ਵਿਖੇ ਸਾਵਣ ਮਹੀਨੇ ਦੀ ਪੂਰਨਮਾਸ਼ੀ ਤੇ ਵੱਡੇ ਜੋੜ ਮੇਲੇ ਵਿੱਚ ਸਿੱਖ ਸੰਗਤਾਂ ਇਸ ਅਦੁੱਤੀ ਮਨੁੱਖ ਨੂੰ ਸਿਜਦਾ ਕਰਦੀਆਂ ਹਨ।

ਭਾਰਤ ਦੀ ਆਜ਼ਾਦੀ ਵਿਚ ਪੰਜਾਬ ਦਾ ਯੋਗਦਾਨ

ਪ੍ਰੋ. ਹਮਦਰਦਵੀਰ ਨੌਸ਼ਹਿਰਵੀ

“ਜਲ੍ਹਿਆਂਵਾਲੇ ਬਾਗ਼ ਅੰਮ੍ਰਿਤਸਰ ਦਾ ਖ਼ੂਨੀ ਸਾਕਾ ਊਧਮ ਸਿੰਘ ਨੇ ਠਾਣ ਲਿਆ ਸੀ ਕਿ ਇਸ ਕਤਲੇਆਮ ਦਾ ਬਦਲਾ ਜ਼ਰੂਰ ਲੈਣਾ ਹੈ। ਪੂਰੇ 21 ਸਾਲਾਂ ਬਾਅਦ, 13 ਮਾਰਚ 1940 ਨੂੰ ਲੰਡਨ ਦੇ ਕੈਕਸਟਨ ਹਾਲ ਵਿਖੇ, ਊਧਮ ਸਿੰਘ ਨੇ ਸਰ ਮਾਈਕਲ ਓਡਵਾਇਰ ਨੂੰ ਮਾਰ ਮੁਕਾਇਆ ਸੀ। ਊਧਮ ਸਿੰਘ ਮੌਕੇ ਤੋਂ ਫ਼ਰਾਰ ਨਹੀਂ ਸੀ ਹੋਇਆ, ਸਗੋਂ ਕਿਹਾ ਕਿ ਉਹਨੇ ਆਪਣਾ ਵਚਨ ਪੂਰਾ ਕੀਤਾ ਸੀ। ਆਪਣੇ ਲੋਕਾਂ ਦੇ ਕਾਤਲ ਤੋਂ ਬਦਲਾ ਲਿਆ ਸੀ। ਊਧਮ ਸਿੰਘ ਨੇ ਐਲਾਨ ਕੀਤਾ ਕਿ ਉਸ ਦਾ ਨਾਂਅ ਰਾਮ ਮੁਹੰਮਦ ਸਿੰਘ ਆਜ਼ਾਦ ਹੈ।”

5 ਜੁਲਾਈ 1856 ਨੂੰ ਭਾਰਤ ਦੀ ਜੰਗ-ਏ-ਆਜ਼ਾਦੀ ਦਾ ਪਹਿਲਾ ਸ਼ਹੀਦ, ਪੰਜਾਬ ਦਾ ਮਹਾਨ ਸਪੂਤ ਭਾਈ ਮਹਾਰਾਜ ਸਿੰਘ ਨਾਰੰਗਵਾਲ ਸੀ। ਭਾਰਤ ਨੂੰ ਆਜ਼ਾਦ ਹੋਇਆਂ ਨੂੰ 78 ਸਾਲ ਤੋਂ ਉੱਪਰ ਹੋ ਚੁੱਕੇ ਹਨ। ਆਜ਼ਾਦੀ ਐਵੇਂ ਹੀ ਪ੍ਰਾਪਤ ਨਹੀਂ ਸੀ ਹੋ ਗਈ। ਆਜ਼ਾਦੀ ਪ੍ਰਾਪਤੀ ਲਈ ਲੰਮਾਂ ਸਮਾ ਸੰਘਰਸ਼ ਕਰਨਾ ਪਿਆ ਸੀ। 1849 ਵਿਚ ਮਹਾਰਾਜਾ ਰਣਜੀਤ ਸਿੰਘ ਦਾ ਆਜ਼ਾਦ ਧਰਮ-ਨਿਰਪੱਖ ਰਾਜ, ਅੰਗਰੇਜ਼ਾਂ ਦੇ ਪੰਜਾਬ ਉੱਤੇ ਕਬਜ਼ੇ ਨਾਲ ਸਮਾਪਤ ਹੋ ਗਿਆ ਸੀ। ਪੰਜਾਬ ਦੇ ਲੋਕਾਂ ਵਿਚ ਅੰਗਰੇਜ਼ੀ ਸਰਕਾਰ ਵਿਰੁੱਧ ਬਹੁਤ ਗੁੱਸਾ ਸੀ ? ਪੰਜਾਬੀ ਨੌਜਵਾਨ ਮਦਨ ਲਾਲ ਢੀਂਗਰਾ ਨੇ ਅੰਗਰੇਜ਼ੀ ਰਾਜ ਪ੍ਰਤੀ ਵਿਰੋਧ ਜ਼ਾਹਿਰ ਕਰਦਿਆਂ, ਅੰਗਰੇਜ਼ ਅਫ਼ਸਰ ਵਿਲੀਅਮ ਕਰਜ਼ਨ ਵਾਇਲੀ ਨੂੰ ਗੋਲੀ ਨਾਲ ਉਡਾ ਦਿੱਤਾ ਸੀ। 16 ਅਗਸਤ, 1909 ਨੂੰ ਸ਼ਹੀਦ ਮਦਨ ਲਾਲ ਢੀਂਗਰਾ ਸ਼ਹੀਦੀ ਦਾ ਜਾਮ ਪੀ ਗਿਆ ਸੀ।



ਭਾਰਤ ਦੀ ਆਜ਼ਾਦੀ ਦੇ ਅੰਦੋਲਨ ਵਿਚ ਕੂਕਾ ਲਹਿਰ ਦਾ ਵੀ ਕਾਫ਼ੀ ਯੋਗਦਾਨ ਹੈ। ਬਾਬਾ ਰਾਮ ਸਿੰਘ ਦੀ ਅਗਵਾਈ ਵਿਚ ਕੂਕਿਆਂ ਨੇ ਅੰਗਰੇਜ਼ੀ ਸਰਕਾਰ ਨਾਲ ਅਸਹਿਯੋਗ ਦਾ ਨਾਅਰਾ ਦਿੱਤਾ ਸੀ। ਗਊ ਹੱਤਿਆ ਵਿਰੁੱਧ ਸੰਘਰਸ਼ ਕਰਦਿਆਂ, ਕੂਕਿਆਂ ਨੇ ਮਾਲੇਰਕੋਟਲਾ ਦੇ ਬੁੱਚੜਾਂ ਉੱਤੇ ਹਮਲਾ ਕੀਤਾ। 15 ਜਨਵਰੀ, 1872 ਨੂੰ ਕੂਕਿਆਂ ਨੂੰ ਤੋਪਾਂ ਨਾਲ ਉਡਾ ਦਿੱਤਾ ਸੀ। 66 ਕੂਕੇ ਸ਼ਹੀਦ ਹੋ ਗਏ ਸਨ।

1941 ਵਿਚ ਜਨਰਲ ਮੋਹਨ ਸਿੰਘ ਨੇ ਆਜ਼ਾਦ ਹਿੰਦ ਫ਼ੌਜ ਦੀ ਸਥਾਪਨਾ ਕੀਤੀ ਸੀ, 1942 ਵਿਚ ਜਨਰਲ ਮੋਹਨ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ, 1943 ਵਿਚ ਆਜ਼ਾਦ ਹਿੰਦ ਫੌਜ ਦੀ ਕਮਾਂਡ ਸੁਭਾਸ਼ ਚੰਦਰ ਬੋਸ ਨੇ ਸੰਭਾਲ ਲਈ ਸੀ। ਆਜ਼ਾਦ ਹਿੰਦ ਫੌਜ ਵਿਚ ਪੰਜਾਬੀਆਂ ਦਾ ਸਭ ਤੋਂ ਵਧੇਰੇ ਯੋਗਦਾਨ ਸੀ।

ਪੰਜਾਬ ਵਿਚੋਂ ਅਮਰੀਕਾ ਗਏ ਕਿਸਾਨਾਂ ਨੇ ਅਮਰੀਕਾ ਦੇ ਸਾਨਫ਼ਰਾਂਸਿਸਕੋ ਸ਼ਹਿਰ ਵਿਚ ਭਾਰਤ ਨੂੰ ਆਜ਼ਾਦ ਕਰਾਉਣ ਦਾ ਸੁਪਨਾ ਵੇਖਿਆ ਸੀ। 1913 ਵਿਚ ਗ਼ਦਰ ਅਖ਼ਬਾਰ ਸ਼ੁਰੂ ਕੀਤਾ ਸੀ। ਭਾਰਤ ਵਿਚ ਸਮਾਜਵਾਦੀ ਇਨਕਲਾਬ ਲਿਆਉਣ ਲਈ ਗ਼ਦਰ ਪਾਰਟੀ ਕਾਇਮ ਕੀਤੀ ਗਈ ਸੀ। ਗ਼ਦਰ ਪਾਰਟੀ ਦੇ ਪ੍ਰਮੁੱਖ ਆਗੂ ਸਨ- ਬਾਬਾ ਸੋਹਣ ਸਿੰਘ ਭਕਨਾ ਪ੍ਰਧਾਨ, ਬਾਬਾ ਕੇਸਰ ਸਿੰਘ ਠੱਠਗੜ੍ਹ, ਪੰਡਿਤ ਕਾਂਸ਼ੀ ਰਾਮ, ਲਾਲਾ ਹਰਦਿਆਲ, ਬਾਬਾ ਵਿਸਾਖਾ ਸਿੰਘ, ਜਵਾਲਾ ਸਿੰਘ ਠੱਠੀਆਂ, ਭਾਈ ਭਗਵਾਨ ਸਿੰਘ। 1915 ਵਿਚ ਭਾਰਤ ਪਰਤ ਕੇ ਭਾਰਤ ਨੂੰ ਹਥਿਆਰਬੰਦ ਢੰਗ ਨਾਲ ਆਜ਼ਾਦ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ। ਕਰਤਾਰ ਸਿੰਘ ਸਰਾਭਾ ਨੂੰ 13 ਸਤੰਬਰ, 1915 ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਫ਼ਾਂਸੀ ਲਾ ਦਿੱਤੀ ਸੀ।

ਲਾਹੌਰ ਸਾਜ਼ਿਸ ਕੇਸ ਅਤੇ ਪਹਿਲੇ ਤੇ ਦੂਜੇ ਸਪਲੀਮੈਂਟਰੀ ਸਾਜ਼ਿਸ਼ ਕੇਸਾਂ ਵਿਚ ਇਨ੍ਹਾਂ ਗਦਰੀ ਸੂਰਬੀਰਾਂ ਨੂੰ ਮੌਤ ਦੀ ਸਜ਼ਾ ਫ਼ਾਂਸੀ ਲਾ ਕੇ ਸ਼ਹੀਦ ਕੀਤਾ ਗਿਆ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਦਿੱਤੀ ਗਈ ਇਨ੍ਹਾਂ ਵਿਚ- ਬਖਸ਼ੀਸ਼ ਸਿੰਘ ਗਿਲਵਾਲੀ, ਹਰਨਾਮ ਸਿੰਘ ਭੱਟੀ ਗੁਰਾਇਆ, ਜਗਤ ਸਿੰਘ ਸੁਰਸਿੰਘ, ਕਰਤਾਰ ਸਿੰਘ ਸਰਾਭਾ, ਸੁਰੈਣ ਸਿੰਘ ਗਿਲਵਾਲੀ, ਸੁਰੈਣ ਸਿੰਘ ਪੁੱਤਰ ਈਸ਼ਰ ਸਿੰਘ ਗਿਲਵਾਲੀ, ਬੀਰ ਸਿੰਘ ਬਾਹੂਵਾਲ,

ਈਸ਼ਰ ਸਿੰਘ ਢੁਡੀਕੇ, ਰੰਗਾ ਸਿੰਘ ਖੁਰਦਪੁਰ, ਰੂੜ ਸਿੰਘ ਤਲਵੰਡੀ ਦੁਸਾਂਝ, ਉੱਤਮ ਸਿੰਘ ਹਾਂਸ, ਬਾਬੂ ਰਾਮ ਫਤਹਿਗੜ੍ਹ, ਬਲਵੰਤ ਸਿੰਘ ਖੁਰਦਪੁਰ, ਨਾਮਾ ਫਤਹਿਗੜ੍ਹ, ਹਾਫਿਜ਼ ਅਬਦੁਲਾ ਜਗਰਾਓ, ਰੂੜ ਸਿੰਘ ਸੰਗਵਾਲ।

ਮਾਂਡਲੇ (ਬਰਮਾ) ਸਾਜ਼ਿਸ਼ ਕੇਸ ਵਿਚ ਜਿਨ੍ਹਾਂ ਗ਼ਦਰੀ ਬਹਾਦਰਾਂ ਨੂੰ ਜਾਇਦਾਦ ਦੀ ਜ਼ਬਤੀ ਦੇ ਨਾਲ ਮੌਤ ਦੀ ਸਜ਼ਾ ਦੇ ਕੇ ਫ਼ਾਂਸੀ ਲਾਇਆ ਗਿਆ ਉਹ ਸਨ-ਹਰਨਾਮ ਸਿੰਘ ਕਾਹਰੀ ਸਾਹਰੀ, ਚਾਲੀਆ ਰਾਮ ਸਾਹਨੇਵਾਲ, ਵਸਾਵਾ ਸਿੰਘ ਵਾੜਾ, ਨਰੈਣ ਸਿੰਘ ਬਾਲੋ, ਨਰਿੰਜਨ ਸਿੰਘ ਸੰਗਤਪੁਰਾ, ਪਾਲਾ ਸਿੰਘ ਸ਼ੇਰਪੁਰ, ਅਮਰ ਸਿੰਘ ਸ਼ੇਰਪੁਰ ਕਲਾਂ।

ਵੱਖ-ਵੱਖ ਕੇਸਾਂ ਅਧੀਨ ਜਿਨ੍ਹਾਂ ਹੋਰ ਗ਼ਦਰੀ ਇਨਕਲਾਬੀ ਯੋਧਿਆਂ ਨੂੰ ਫ਼ਾਂਸੀ ਲਾ ਕੇ ਸ਼ਹੀਦ ਕੀਤਾ ਗਿਆ ਉਹ ਸਨ-ਕਾਂਸ਼ੀ ਰਾਮ ਮੜੌਲੀ, ਰਹਿਮਤ ਅਲੀ ਵਜੀਦ ਕੇ, ਬਖਸ਼ੀਸ਼ ਸਿੰਘ ਖਾਨਪੁਰ, ਜੀਵਨ ਸਿੰਘ ਧੂਲੇ ਸਿੰਘ ਵਾਲਾ, ਲਾਲ ਸਿੰਘ ਸਹਾਬਾਨਾ, ਧਿਆਨ ਸਿੰਘ ਉਮਰਪੁਰਾ, ਕਰਮ ਸਿੰਘ ਉਮਰਪੁਰਾ, ਜਗਤ ਸਿੰਘ ਚੰਝਲਾ, ਗਾਂਧਾ ਸਿੰਘ ਕਚਰਭਾਨ, ਸੁਰਜਨ ਸਿੰਘ ਫਤਹਿਗੜ੍ਹ, ਡਾ. ਮਥਰਾ ਸਿੰਘ ਢੁਡਿਆਲਾ, ਜਵੰਦ ਸਿੰਘ ਨੰਗਲ, ਕਾਲਾ ਸਿੰਘ ਜਗਤਪੁਰ, ਚਰਨ ਸਿੰਘ ਪਿੰਡ ਬੂੜ ਚੰਦ, ਹਰਨਾਮ ਸਿੰਘ ਠੱਠੀਖਾਰਾ, ਆਤਮਾ ਸਿੰਘ ਠੱਠੀਖਾਰਾ, ਬੰਤਾ ਸਿੰਘ ਸੰਘਵਾਲ, ਅਰਜਨ ਸਿੰਘ ਖੋਦਰਾਨਾ, ਪ੍ਰੇਮ ਸਿੰਘ ਸੁਰਸਿੰਘ, ਈਸ਼ਰ ਸਿੰਘ ਪੱਧਰੀਕਲਾਂ, ਕਾਲਾ ਸਿੰਘ ਪੁੱਤਰ ਚੰਨਣ ਸਿੰਘ, ਬੂਟਾ ਸਿੰਘ ਅਕਾਲਗੜ੍ਹ।

42 ਗ਼ਦਰੀ ਇਨਕਲਾਬੀ ਦੇਸ਼ ਭਗਤਾਂ ਨੂੰ ਮੌਤ ਦੀ ਸਜ਼ਾ ਦੇ ਕੇ ਫ਼ਾਂਸੀ ਦਿੱਤੀ ਗਈ। 114 ਗ਼ਦਰੀ ਯੋਧਿਆਂ ਨੂੰ ਉਮਰ ਕੈਦ ਹੋਈ। ਬਾਬਾ ਗੁਰਮੁੱਖ ਸਿੰਘ ਲਲਤੋਂ, ਬਾਬਾ ਪ੍ਰਿਥੀ ਸਿੰਘ ਆਜ਼ਾਦ ਚਲ ਦੀ ਰੇਲ ਗੱਡੀ ਵਿਚੋਂ ਹੱਥਕੜੀਆਂ ਤੇ ਬੇੜੀਆਂ ਸਮੇਤ, ਹੇਠਾਂ ਛਾਲਾਂ ਮਾਰ ਗਏ। ਮੁੜ ਹੱਥ ਨਾ ਆਏ।

ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿਚ ਕਾਮਾਗਾਟਾਮਾਰੂ ਨਾਲ ਸੰਬੰਧਿਤ ਘਟਨਾ ਵੀ ਖ਼ਾਸ ਮਹੱਤਵ ਰੱਖਦੀ ਹੈ। ਸਰਹਾਲੀ ਕਲਾਂ (ਅੰਮ੍ਰਿਤਸਰ) ਦੇ ਬਹਾਦਰ ਸੱਜਣ ਬਾਬਾ ਗੁਰਦਿੱਤ ਸਿੰਘ ਨੇ ਜਾਪਾਨੀ ਜਹਾਜ਼ ਕਾਮਾਗਾਟਾ ਮਾਰੂ, ਕੈਨੇਡਾ ਜਾਣ ਲਈ ਕਿਰਾਏ ਉੱਤੇ ਲਿਆ। 376 ਭਾਰਤੀ ਮੁਸਾਫ਼ਰਾਂ ਨੂੰ ਲੈ ਕੇ ਇਹ ਜਹਾਜ਼ 22 ਮਈ 1914 ਨੂੰ ਵੈਨਕੂਵਰ ਦੀ ਬੰਦਰਗਾਹ ਤੋਂ ਦੂਰ ਕੈਨੇਡਾ ਦੀ ਅੰਗਰੇਜ਼ੀ ਸਰਕਾਰ ਨੇ ਰੋਕ ਲਿਆ। ਮੁਸਾਫ਼ਰਾਂ ਨੂੰ ਉਤਰਨ ਨਹੀਂ ਦਿੱਤਾ। ਦੋ ਮਹੀਨੇ ਬਾਅਦ ਇਹ ਜਹਾਜ਼ ਵਾਪਸ ਸਫ਼ਰ ਕਰ ਕੇ, 22 ਜੁਲਾਈ, 1914 ਨੂੰ ਕਲਕੱਤਾ ਨੇੜੇ ਬਜਬਜ ਘਾਟ ਉੱਤੇ ਲੱਗਾ।

ਅੰਗਰੇਜ਼ੀ ਪੁਲਿਸ ਨੇ ਗੋਲੀਆਂ ਨਾਲ ਸਵਾਗਤ ਕੀਤਾ। 18 ਯਾਤਰੀ ਮਾਰੇ ਗਏ, 36 ਯਾਤਰੀ ਜ਼ਖ਼ਮੀ ਹੋਏ । ਬਾਬਾ ਗੁਰਦਿੱਤ ਸਿੰਘ, 32 ਹੋਰ, ਬਚ ਕੇ ਭੱਜਣ ਵਾਲੇ ਯਾਤਰੀਆਂ ਵਿਚ ਸ਼ਾਮਿਲ ਸਨ।

13 ਅਪ੍ਰੈਲ 1919, ਵਿਸਾਖੀ ਵਾਲੇ ਦਿਨ ਜਲ੍ਹਿਆਂਵਾਲੇ ਬਾਗ਼, ਅੰਮ੍ਰਿਤਸਰ ਇਕ ਵਿਸ਼ਾਲ ਜਨ ਸਭਾ ਉੱਤੇ ਜਨਰਲ ਡਾਇਰ ਦੇ ਹੁਕਮਾਂ ਨਾਲ, ਗੋਲ਼ੀਆਂ ਦਾ ਮੀਂਹ ਵਰਸਾਇਆ ਗਿਆ। ਕਰੀਬ ਇਕ ਹਜ਼ਾਰ ਨਿਰਦੋਸ਼ ਭਾਰਤੀ ਮਾਰੇ ਗਏ। ਭਾਰਤ ਭਰ ਵਿਚ ਅੰਗਰੇਜ਼ਾਂ ਵਿਰੁੱਧ ਗੁੱਸਾ ਬਹੁਤ ਭਖਿਆ।

ਭਾਰਤ ਦੀ ਆਜ਼ਾਦੀ ਲਹਿਰ ਵਿਚ ਬੱਬਰ ਅਕਾਲੀ ਲਹਿਰ ਦਾ ਵੀ ਯੋਗਦਾਨ ਹੈ। ਧੰਨਾ ਸਿੰਘ ਬੱਬਰ ਨੇ ਹੱਥਕੜੀਆਂ ਤੇ ਬੇੜੀਆਂ ਵਿਚ ਜਕੜੇ ਨੇ ਹੀ ਐਸ.ਪੀ. ਹਾਰਟਨ ਨੂੰ ਉਡਾ ਦਿੱਤਾ ਸੀ, ਨਾਲ ਹੀ ਆਪ ਵੀ ਮਾਰਿਆ ਗਿਆ ਸੀ। 27 ਫਰਵਰੀ 1926 ਨੂੰ ਛੇ ਬੱਬਰਾਂ ਨੂੰ ਫ਼ਾਂਸੀ ਦੀ ਸਜ਼ਾ ਹੋਈ ਸੀ। ਇਹ ਬੱਬਰ ਯੋਧੇ ਸਨ-ਕਿਸ਼ਨ ਸਿੰਘ ਗੜਗੱਜ, ਬਾਬੂ ਸੰਤਾ ਸਿੰਘ, ਦਲੀਪ ਸਿੰਘ, ਨੰਦ ਸਿੰਘ, ਕਰਮ ਸਿੰਘ, ਧਰਮ ਸਿੰਘ।

1928 ਵਿਚ ਕੇਵਲ ਅੰਗਰੇਜ਼ ਮੰਤਰੀਆਂ ਦਾ ਇਕ ਮੰਡਲ ਸਾਈਮਨ ਕਮਿਸ਼ਨ ਦੇ ਰੂਪ ਵਿਚ ਭਾਰਤ ਆਇਆ ਸੀ। ਲਾਹੌਰ ਵਿਖੇ ਲਾਲਾ ਲਾਜਪਤ ਰਾਏ ਦੀ ਅਗਵਾਈ ਵਿਚ ਇਸ ਕਮਿਸ਼ਨ ਦੇ ਵਿਰੁੱਧ ਜਲੂਸ ਕੱਢਿਆ ਗਿਆ ਸੀ। ਲਾਠੀਚਾਰਜ ਹੋਇਆ। ਲਾਲਾ ਲਾਜਪਤ ਰਾਏ ਜ਼ਖ਼ਮੀ ਹੋਣ ਤੋਂ ਬਾਅਦ 17 ਨਵੰਬਰ 1928 ਨੂੰ ਅਕਾਲ ਚਲਾਣਾ ਕਰ ਗਏ ਸਨ। ਲਾਲਾ ਜੀ ਦੀ ਸ਼ਹੀਦੀ ਦਾ ਬਦਲਾ ਬਾਅਦ ਵਿਚ ਸ਼ਹੀਦ ਭਗਤ ਸਿੰਘ ਨੇ ਲਿਆ ਸੀ।

ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਪੰਜਾਬ ਵਿਚ ਚੰਦਰ ਸ਼ੇਖਰ ਆਜ਼ਾਦ ਦੀ ਅਗਵਾਈ ਵਿਚ ਹਿੰਦੁਸਤਾਨ ਸਮਾਜਵਾਦੀ ਗਣਤੰਤਰ ਸੈਨਾ ਕਾਇਮ ਕੀਤੀ ਗਈ। ਅੰਗਰੇਜ਼ਾਂ ਨੂੰ ਭਾਰਤ ਛੱਡ ਜਾਣ ਲਈ ਚਿਤਾਵਨੀ ਦੇਣ ਲਈ, ਭਗਤ ਸਿੰਘ ਤੇ ਬਟੂਕੇਸ਼ਵਰ ਦੱਤ ਨੇ 8 ਅਪ੍ਰੈਲ 1929 ਨੂੰ ਭਾਰਤ ਦੀ ਕੇਂਦਰੀ ਅਸੈਂਬਲੀ ਵਿਚ ਜ਼ੋਰਦਾਰ ਧਮਾਕਾ ਕੀਤਾ। ਇਨਕਲਾਬ ਜ਼ਿੰਦਾਬਾਦ, ਬਰਤਾਨਵੀ ਸਾਮਰਾਜ ਮੁਰਦਾਬਾਦ ਦੇ ਨਾਅਰੇ ਲਾਏ। 23 ਮਾਰਚ, 1931 ਨੂੰ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਨੂੰ ਫ਼ਾਂਸੀ ਲਗਾਈ ਗਈ। ਆਜ਼ਾਦੀ ਦੀ ਲਹਿਰ ਹੋਰ ਪ੍ਰਚੰਡ ਹੋਈ।

ਜਲ੍ਹਿਆਂਵਾਲੇ ਬਾਗ਼ ਅੰਮ੍ਰਿਤਸਰ ਦਾ ਖ਼ੂਨੀ ਸਾਕਾ ਊਧਮ ਸਿੰਘ ਨੇ ਠਾਣ ਲਿਆ ਸੀ ਕਿ ਇਸ ਕਤਲੇਆਮ ਦਾ ਬਦਲਾ ਜ਼ਰੂਰ ਲੈਣਾ ਹੈ। ਪੂਰੇ 21 ਸਾਲਾਂ ਬਾਅਦ, 13 ਮਾਰਚ 1940 ਨੂੰ ਲੰਡਨ ਦੇ ਕੈਕਸਟਨ ਹਾਲ ਵਿਖੇ, ਊਧਮ ਸਿੰਘ ਨੇ ਸਰ ਮਾਈਕਲ ਓਡਵਾਇਰ ਨੂੰ ਮਾਰ ਮੁਕਾਇਆ ਸੀ। ਊਧਮ ਸਿੰਘ ਮੌਕੇ ਤੋਂ ਫ਼ਰਾਰ ਨਹੀਂ ਸੀ ਹੋਇਆ, ਸਗੋਂ ਕਿਹਾ ਕਿ ਉਹਨੇ ਆਪਣਾ ਵਚਨ ਪੂਰਾ ਕੀਤਾ ਸੀ। ਆਪਣੇ ਲੋਕਾਂ ਦੇ ਕਾਤਲ ਤੋਂ ਬਦਲਾ ਲਿਆ ਸੀ। ਊਧਮ ਸਿੰਘ ਨੇ ਐਲਾਨ ਕੀਤਾ ਕਿ ਉਸ ਦਾ ਨਾਂਅ ਰਾਮ ਮੁਹੰਮਦ ਸਿੰਘ ਆਜ਼ਾਦ ਹੈ।


1942 ਦੀ ਭਾਰਤ ਛੱਡੋ ਲਹਿਰ ਵਿਚ ਵੀ ਪੰਜਾਬੀਆਂ ਦਾ ਵੱਡਾ ਯੋਗਦਾਨ ਸੀ। ਅਨੇਕਾਂ ਪੰਜਾਬੀਆਂ ਨੇ ਜੇਲ੍ਹਾਂ ਕੱਟੀਆਂ।

14 ਜਨਵਰੀ 1944 ਨੂੰ ਅੰਡੇਮਾਨ ਨਿਕੋਬਾਰ ਦੀ ਸੈਲੂਲਰ ਜੇਲ੍ਹ ਵਿਚ ਤਿੰਨ ਮਹੀਨੇ ਜਾਪਾਨੀਆਂ ਦੇ ਤਸੀਹੇ ਸਹਿੰਦਿਆਂ ਪੰਜਾਬ ਦੇ ਬਹਾਦਰ ਸਪੂਤ ਡਾ. ਦੀਵਾਨ ਸਿੰਘ ਕਾਲੇਪਾਣੀ ਨੇ ਭਾਰਤ ਦੀ ਆਜ਼ਾਦੀ ਦੀ ਜੰਗ ਵਿਚ ਆਪਣੀ ਜਾਨ ਦੀ ਆਹੂਤੀ ਦੇ ਦਿੱਤੀ। ਇਸ ਤੋਂ ਪਹਿਲਾਂ 1914-15 ਵਿਚ ਦਰਜਨਾਂ ਸਿੱਖ ਗ਼ਦਰੀ ਬਾਬਿਆਂ ਨੂੰ ਏਸੇ ਜੇਲ੍ਹ ਵਿਚ ਲੰਮਾ ਸਮਾਂ ਤਸੀਹੇ ਦਿੱਤੇ ਜਾਂਦੇ ਰਹੇ ਸਨ।

ਆਖਰ ਅੰਗਰੇਜ਼ਾਂ ਨੂੰ ਭਾਰਤ ਛੱਡਣਾ ਪਿਆ। 15 ਅਗਸਤ, 1947 ਨੂੰ ਦੇਸ਼ ਆਜ਼ਾਦ ਹੋ ਗਿਆ।

ਹਜ਼ਾਰਾਂ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਨਾਲ ਪ੍ਰਾਪਤ ਹੋਈ ਆਜ਼ਾਦੀ ਨੂੰ ਹੁਣ ਅਸੀਂ ਨਾ ਸਿਰਫ਼ ਕਾਇਮ ਹੀ ਰੱਖਣਾ ਹੈ, ਸਗੋਂ ਦੇਸ਼ ਭਗਤਾਂ ਦੇ ਆਰਥਿਕ ਖੁਸ਼ਹਾਲੀ ਦੇ ਸਾਰੇ ਸੁਪਨੇ ਵੀ ਪੂਰੇ ਕਰਨੇ ਹਨ। ਦੇਸ਼ ਨੂੰ ਭੁੱਖ-ਨੰਗ, ਬੇਰੁਜ਼ਗਾਰੀ, ਅਨਪੜ੍ਹਤਾ, ਭ੍ਰਿਸ਼ਟਾਚਾਰ, ਚੋਰ ਬਾਜ਼ਾਰੀ ਆਦਿ ਤੋਂ ਮੁਕਤ ਕਰਨਾ ਹੈ।

ਲਾਹੌਰ ਸੈਂਟਰਲ ਜੇਲ੍ਹ ਵਿਚਲਾ ਫਾਂਸ਼ੀ ਦਾ ਤਖ਼ਤਾ



ਇਹ ਫਾਂਸ਼ੀ ਦਾ ਤਖ਼ਤਾ ਯਾਦਗਾਰ ਨਿਸ਼ਾਨੀ ਹੈ ਉਹਨਾਂ ਬਹਾਦਰ ਇਨਕਲਾਬੀਆਂ ਦੀ ਅਨਮੋਲ ਕੁਰਬਾਨੀ ਦਾ, ਜਿਹੜੇ ਇਸ ਤਖ਼ਤੇ 'ਤੇ ਚੜ੍ਹ ਕੇ, ਫਾਂਸ਼ੀ ਦੇ ਫੰਦੇ ਗਲ ਵਿਚ ਪਾ ਕੇ ਦੇਸ਼ ਉਤੋਂ ਨਿਛਾਵਰ ਹੋ ਗਏ। ਕਰਤਾਰ ਸਿੰਘ ਸਰਾਭਾ ਤੇ ਉਹਦੇ ਸਾਥੀਆਂ ਨੇ ਏਸੇ ਫੱਟੇ 'ਤੇ ਕਦਮ ਰੱਖੇ ਹੋਣਗੇ। ਲਾਹੌਰ ਦੇ ਸਾਰੇ ਸਾਜ਼ਿਸ਼ ਕੇਸਾਂ ਦੇ ਸੂਰਮੇ ਏਸੇ ਫੱਟੇ ਤੇ ਚੜ੍ਹ ਕੇ ਜਾਨਾਂ ਨਿਛਾਵਰ ਕਰ ਗਏ। ਕੁਰਬਾਨੀਆਂ ਦਾ ਇਹ ਸਿਲਸਿਲਾ ਚੱਲ ਸੋ ਚੱਲ ਚੱਲਦਾ ਰਿਹਾ। ਗ਼ਦਰੀਆਂ ਤੋਂ ਬਾਅਦ ਬੱਬਰ ਅਕਾਲੀ ਤੇ ਫਿਰ ਭਗਤ ਸਿੰਘ ਰਾਜਗੁਰੂ ਤੇ ਸੁਖਦੇਵ ਨੇ ਏਸੇ ਤਖ਼ਤੇ 'ਤੇ 'ਸਰ ਫ਼ਰੋਸ਼ੀ ਕੀ ਤਮੰਨਾ' ਗਾਉਂਦਿਆਂ ਜਾਨ ਦੀ ਬਾਜ਼ੀ ਲਾਈ। ਇਹ ਤਖ਼ਤਾ ਆਜ਼ਾਦੀ ਦੀ ਲੜਾਈ ਵਿਚ ਦਿੱਤੀਆਂ ਅਨੇਕਾਂ ਲੜੀਵਾਰ ਕੁਰਬਾਨੀਆਂ ਦਾ ਚਸ਼ਮਦੀਦ ਗਵਾਹ ਹੈ। ਇਹ ਤਖ਼ਤਾ ਦੱਸਦਾ ਹੈ ਕਿ ਇਕ ਇਨਕਲਾਬੀ ਤਹਿਰੀਕ ਕਿਵੇਂ ਅਗਲੀ ਇਨਕਲਾਬੀ ਤਹਿਰੀਕ ਲਈ ਪ੍ਰੇਰਨਾ ਦਾ ਸੋਮਾ ਬਣਦੀ ਰਹੀ। ਕਿਵੇਂ ਆਪਣੀ ਵਾਰੀ ਤੇ ਨਵੇਂ ਇਨਕਲਾਬੀ ਪੁਰਾਣਿਆਂ ਦੀ ਗੀਤ ਨੂੰ ਅੱਗੇ ਤੋਰਦੇ ਰਹੇ। ਜੇ ਕਰਤਾਰ ਸਿੰਘ ਸਰਾਭੇ ਨੇ ਕਦੀ 'ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ' ਜਾਂ 'ਹਿੰਦ ਵਾਸੀਓ ਰੱਖਣਾ ਯਾਦ ਸਾਨੂੰ' ਗਾਉਂਦਿਆਂ ਜਾਨ ਦੀ ਬਾਜੀ ਲਾਈ ਸੀ ਤਾਂ ਕਿਵੇਂ ਉਹ ਭਗਤ ਸਿੰਘ ਲਈ ਵੀ 'ਮੇਰਾ ਰੰਗ ਦੇ ਬਸੰਤੀ ਚੋਲਾ' ਗਾਉਣ ਤੇ ਸਿਰ ਨਾਲ ਬਾਜ਼ੀ ਪੁਗਾਉਣ ਦੀ ਪ੍ਰੇਰਨਾ ਤੇ ਕੁਰਬਾਨੀ ਦਾ ਸਰੋਤ ਹੋ ਨਿੱਬੜਿਆ ਸੀ ਇਹ ਤਖ਼ਤਾ ਇਨਕਲਾਬੀ ਤਹਿਰੀਕ ਦੀ ਨਿਰੰਤਰਤਾ ਦਾ ਵੀ ਪ੍ਰਤੀਕ ਸੀ। ਇਹ ਤਹਿਰੀਕ ਅੱਜ ਵੀ ਕਿਸੇ ਨਾ ਕਿਸੇ ਰੂਪ ਵਿਚ ਲੜੀ ਜਾ ਰਹੀ ਹੈ ਜਾਂ ਲੜੀ ਜਾਣੀ ਹੈ।

ਇਸ ਤਖ਼ਤੇ ਵੱਲ ਵੇਖਦਿਆਂ ਉਹਨਾਂ ਸ਼ਹੀਦ ਹੋਣ ਵਾਲੇ ਸੂਰਮਿਆਂ ਦੇ ਮਨਾਂ ਵਿਚ ਉਹਨਾਂ ਪਲਾਂ ਵਿਚ ਮੱਚ ਰਹੀ ਖਲਬਲੀ ਦਾ ਚੇਤਾ ਵੀ ਆਉਂਦਾ ਹੈ। ਜਦੋਂ ਉਹ ਤਖ਼ਤੇ 'ਤੇ ਚੜ੍ਹੇ ਹੋਣਗੇ ਤਾਂ ਕੀ ਕੀ ਅਰਮਾਨ ਹੋਣਗੇ ਉਹਨਾਂ ਦੇ ਦਿਲ ਵਿਚ! ਕੀ ਕੀ ਸੁਪਨੇ ਹੋਣਗੇ ਉਹਨਾਂ ਦੀਆਂ ਅੱਖਾਂ ਵਿਚ! ਆਖ਼ਰੀ ਸਾਹ ਲੈਣ ਤੋਂ ਪਹਿਲਾਂ ਉਹਨਾਂ ਨੇ ਕੀ ਕੀ ਸੋਚਿਆ ਹੋਵੇਗਾ ਆਪਣੀ ਜ਼ਿੰਦਗੀ ਬਾਰੇ, ਆਪਣੀ ਮੌਤ ਬਾਰੇ। ਆਪਣੇ ਦੇਸ਼ ਤੇ ਦੇਸ਼ ਵਾਸੀਆਂ ਬਾਰੇ। ਪਿੱਛੇ ਰਹਿ ਗਏ ਆਪਣੇ ਟੱਬਰ ਦੇ ਜੀਆਂ ਬਾਰੇ। ਪਤਨੀਆਂ ਬਾਰੇ, ਬੱਚਿਆਂ ਬਾਰੇ, ਮਾਂ-ਬਾਪ ਬਾਰੇ। ਜਿਨ੍ਹਾਂ ਦਾ ਉਹਨਾਂ ਨੇ ਆਸਰਾ ਬਣਨਾ ਸੀ, ਡੰਗੋਰੀ ਬਣਨਾ ਸੀ। ਉਹਨਾਂ ਤਾਂ ਸੋਚਿਆ ਹੋਊ ਕਿ ਦੇਸ਼ ਆਜ਼ਾਦ ਹੋਣ ਬਾਅਦ ਉਹਨਾਂ ਦੇ ਸੁਪਨਿਆਂ ਦੇ ਰਾਜ ਤੇ ਸਮਾਜ ਦੀ ਉਸਾਰੀ ਹੋਵੇਗੀ। ਬਾਕੀ ਦੇਸ਼ ਵਾਸੀਆਂ ਵਾਂਗ ਉਹਨਾਂ ਦੇ ਪਰਿਵਾਰਾਂ ਦੇ ਦੁੱਖ ਤੇ ਗਰੀਬੀ ਵੀ ਕੱਟੀ ਜਾਊ। ਪਰ ਕੀ ਪਤਾ ਸੀ ਦੇਸ਼ ਆਜ਼ਾਦ ਹੋਣ ਬਾਅਦ ਵੀ ਉਹਦੇ ਬਹੁ-ਗਿਣਤੀ ਦੇਸ-ਵਾਸੀਆਂ ਵਾਂਗ ਉਹਨਾਂ ਦੇ ਬਹੁਤੇ ਟੱਬਰਾਂ ਦੀ ਤਕਦੀਰ ਵਿਚ ਵੀ ਰੁਲਣਾ ਤੇ ਦੁੱਖ ਭੋਗਣਾ ਹੀ ਲਿਖਿਆ ਹੋਣਾ ਸੀ। ਇਸ ਤਖ਼ਤੇ ਨੇ ਆਪਣਾ ਰੂਪ ਬਦਲ ਕੇ ਹੋਰ ਕਈ ਸ਼ਕਲਾਂ ਵਿਚ ਉਹਨਾਂ ਸੂਰਮਿਆਂ ਦੇ ਰਾਹਾਂ 'ਤੇ ਤੁਰਨ ਵਾਲਿਆਂ ਨਾਲ ਉਹੋ ਸਲੂਕ ਕਰਨਾ ਸੀ। ਉਹਨਾਂ ਨੂੰ ਕੀ ਪਤਾ ਸੀ ਇਸ ਲੜਾਈ ਨੇ ਕਿੰਨਾ ਲੰਮਾ ਚੱਲਣਾ ਸੀ!

ਫਾਂਸ਼ੀ ਦਾ ਇਹ ਤਖ਼ਤਾ ਉਹਨਾਂ ਜਿੰਦਾ ਸ਼ਹੀਦਾਂ ਦੀ ਯਾਦ ਵੀ ਦਿਵਾਉਂਦਾ ਹੈ, ਜਿਹੜੇ ਫਾਂਸ਼ੀ ਚੜ੍ਹਨੋਂ ਤਾਂ ਕਿਸੇ ਨਾ ਕਿਸੇ ਸੂਰਤ ਵਿਚ ਬਚ ਗਏ, ਪਰ ਜਿਨ੍ਹਾਂ ਨੇ ਸਾਰੀ ਉਮਰ ਵਤਨ ਅਤੇ ਜ਼ਮੀਰ ਨਾਲ ਕੀਤੇ ਕੌਲ ਨੂੰ ਆਖ਼ਰੀ ਸਾਹਾਂ ਤੱਕ ਨਿਭਾਇਆ। ਦੇਸ਼ ਲਈ ਮਰ ਜਾਣਾ ਨਿਸ਼ਚੈ ਹੀ ਬੇਮਿਸਾਲ ਕੁਰਬਾਨੀ ਅਤੇ ਬਹਾਦਰੀ ਦੀ ਮਿਸਾਲ ਹੈ ਪਰ ਜਿਊਂਦੇ ਰਹਿ ਕੇ ਆਪਣੇ ਲੋਕਾਂ ਲਈ ਲਗਾਤਾਰ ਲੜਨਾ, ਡਿੱਗਣਾ, ਉਠਣਾ ਤੇ ਮੁੜ ਲੜਨਾ ਤੇ ਲੜਦੇ ਜਾਣਾ; ਕਿਸੇ ਲਾਲਚ ਜਾਂ ਕਮਜ਼ੋਰੀ ਵਿਚ ਆ ਕੇ ਦਿਲ ਨਾ ਛੱਡਣਾ; ਆਪਣੇ ਪਵਿੱਤਰ ਨਿਸ਼ਾਨੇ ਨੂੰ ਹਰਦਮ ਆਪਣੀ ਨਜ਼ਰ ਦਾ ਕੇਂਦਰ ਬਣਾਈ ਰੱਖਣਾ ਵੀ ਕੋਈ ਸਹਿਲ ਕਾਰਜ ਨਹੀਂ। ਜਿਨ੍ਹਾਂ ਦੇਸ਼ ਭਗਤਾਂ ਨੇ ਇਹ ਕਾਰਜ ਸਿਰੇ ਚੜ੍ਹਾਉਂਦਿਆਂ ਆਪਣੀ ਚਿੱਟੀ ਪੱਗ ਨੂੰ ਦਾਗ਼ ਨਾ ਲੱਗਣ ਦਿੱਤਾ ਅਤੇ ਉਹ ਨਵੀਂ ਨਸਲ ਲਈ ਹਮੇਸ਼ਾ ਜਿਊਂਦੀ, ਜਗਦੀ ਤੇ ਜਾਗਦੀ ਪ੍ਰੇਰਨਾ ਦਾ ਸੋਮਾ ਬਣੇ ਰਹੇ ਉਹਨਾਂ ਦੀ ਬੇਮਿਸਾਲ ਕੁਰਬਾਨੀ ਦਾ ਮਹੱਤਵ ਵੀ ਕਿਸੇ ਸੂਰਤ ਵਿਚ ਘੱਟ ਨਹੀਂ। ਆਪਣੇ ਮਹਾਨ ਸ਼ਹੀਦਾਂ ਨੂੰ ਨਤਮਸਤਕ ਹੁੰਦਿਆਂ ਇਹਨਾਂ ਉਮਰ ਭਰ ਜੂਝਣ ਤੇ ਕੁਰਬਾਨ ਹੋਣ ਵਾਲੇ ਮਰਜੀਵੜਿਆਂ ਦੀ ਅਝੁੱਕ ਸਮਰੱਥਾ ਤੇ ਅਸੀਮ ਕੁਰਬਾਨੀ ਅੱਗੇ ਸਿਰ ਝੁਕਾਉਣਾ ਵੀ ਸਾਡਾ ਫ਼ਰਜ਼ ਹੈ। ਭਗਤ ਸਿੰਘ ਨੇ ਆਪਣੇ ਸਾਥੀ ਨੂੰ ਲਿਖਿਆ ਸੀ, "ਮੈਂ ਜਾਨ ਦੇ ਕੇ ਸਾਬਤ ਕਰਨਾ ਹੈ ਕਿ ਇਕ ਇਨਕਲਾਬੀ ਕਿਵੇਂ ਕੁਰਬਾਨ ਹੋ ਸਕਦਾ ਹੈ ਤੇ ਤੂੰ ਇਹ ਸਾਬਤ ਕਰਨਾ ਹੈ ਕਿ ਜੇ ਇਨਕਲਾਬੀ ਜਿਊਂਦਾ ਰਹਿੰਦਾ ਹੈ ਤਾਂ ਉਹ ਕਿੰਨੀ ਸ਼ਾਨ ਨਾਲ ਜਿਊਂਦਾ ਹੈ।" ਇਹ ਤਖ਼ਤਾ 'ਸ਼ਾਨ' ਨਾਲ ਕੁਰਬਾਨ ਹੋਣ ਵਾਲਿਆਂ ਦੀ ਕੁਰਬਾਨੀ ਦਾ ਪ੍ਰਤੀਕ ਹੈ ਤੇ ਇਹ ਸੁਨੇਹਾ ਵੀ ਦਿੰਦਾ ਹੈ ਕਿ ਜਿਹੜੇ ਇਨਕਲਾਬ ਦੇ ਰਾਹ ਜਿਊਂਦੇ-ਜੀਅ ਤੁਰ ਰਹੇ ਸਨ ਉਹਨਾਂ ਨੇ ਵੀ ਕਿੰਨੇ ਸ਼ਾਨ ਨਾਲ ਜੀਵਨ ਜੀਵਿਆ। ਬਾਬਾ ਸੋਹਨ ਸਿੰਘ ਭਕਨਾ ਤੇ ਉਹਨਾਂ ਦੇ ਸਾਥੀਆਂ ਦੀ ਜ਼ਿੰਦਗੀ ਜਿਊਂਦੇ ਬਚੇ ਰਹਿ ਗਏ ਇਨਕਲਾਬੀਆਂ ਦੀ ਸ਼ਾਨਾ-ਮੱਤੀ ਉਦਾਹਰਣ ਹੈ।

ਧੰਨਵਾਦ ਸਹਿਤ ਦੇਸ਼ ਭਗਤ ਯਾਦਗਾਰ ਹਾਲ

ਭੈਣਾਂ ਵਰਗਾ ਸਾਕ ਨਾ ਕੋਈ

ਦੁਨੀਆਂ ਦੇ ਸਮੁੱਚੇ ਰਿਸ਼ਤਿਆਂ ਵਿਚੋਂ ਭੈਣ-ਭਰਾ ਦਾ ਰਿਸ਼ਤਾ ਸਰਵੋਤਮ ਹੈ। ਭੈਣ ਦੇ ਚਾਵਾਂ ਦੀ ਮਹਿਕ ਉਨ੍ਹਾਂ ਰਾਹਾਂ ਵਿਚ ਖਿਲਰ ਜਾਂਦੀ ਹੈ ਜਿਨ੍ਹਾਂ ਰਾਹਾਂ ਉਤੋਂ ਉਸ ਦਾ ਵੀਰ ਗੁਜਰਦਾ ਹੈ। ਵੀਰ ਪਿਆਰ ਦੇ ਅਹਿਸਾਸ ਦੀ ਘਾਟ ਤਾਂ ਉਨ੍ਹਾਂ ਭੈਣਾਂ ਦੇ ਸੱਖਣੇ ਦਿਲ ਹੀ ਮਹਿਸੂਸ ਕਰ ਸਕਦੇ ਹਨ ਜਿਨ੍ਹਾਂ ਦੇ ਹੱਥ ਹਰ ਸਾਲ ਆਪਣੇ ਵੀਰਾਂ ਦੇ ਗੁੱਟਾਂ ਉਪਰ ਰੱਖੜੀ ਬੰਨ੍ਹਣ ਲਈ ਤਰਸਦੇ ਰਹਿੰਦੇ ਹਨ।

ਮਹਿੰਦਰ ਸਿੰਘ
ਡੀ.ਐਸ.ਪੀ. (ਸੇਵਾ ਮੁਕਤ)
ਡਬਲ ਰਾਸ਼ਟਰਪਤੀ ਐਵਾਰਡੀ
ਐਡਵਾਇਜ਼ਰ ਲੁਬਾਣਾ ਸੇਵਕ
98144-74535



ਸਾਲ ਬਾਅਦ ਜਦ ਰੱਖੜੀ ਦਾ ਤਿਉਹਾਰ ਆਉਂਦਾ ਹੈ ਤਾਂ ਉਸਦੀਆਂ ਸਧਰਾਂ ਤੇ ਚਾਅ ਮਾਨੋ ਕੁਮਲਾ ਜਾਂਦੇ ਹਨ। ਰੱਬ ਕੋਲੋਂ ਇਕੋ ਵੀਰ ਮੰਗਦੀ ਹੋਈ ਉਹ ਤਰਲਾ ਕਰ ਉਠਦੀ ਹੈ –

ਇਕ ਵੀਰ ਦਈਂ ਵੇ ਰੱਬਾ,
ਚਿੱਤ ਰੱਖੜੀ ਬੰਨ੍ਹਣ ਨੂੰ ਕਰਦਾ।

ਤੇ ਫੇਰ ਜਦੋਂ ਭੈਣ ਆਪਣੇ ਸਹੁਰੇ ਘਰ ਚਲੀ ਜਾਂਦੀ ਹੈ ਤਾਂ ਉਸ ਦਾ ਦਿਲ ਵੀਰ ਪਿਆਰ ਲਈ ਮਚਲ ਉਠਦਾ ਹੈ। ਉਸਨੂੰ ਵੀਰ ਦੀ ਯਾਦ ਸਤਾਉਂਦੀ ਹੈ। ਵੀਰ ਦੇ ਵਿਆਹ ਦਾ ਵੀ ਭੈਣ ਨੂੰ ਚਾਅ ਹੁੰਦਾ ਹੈ। ਆਪਣੇ ਵੀਰ ਦੇ ਵਿਆਹ ਦੀ ਖੁਸ਼ੀ ਵਿਚ ਮਾਨੋ ਉਸਦੀ ਧਰਤੀ 'ਤੇ ਅੱਡੀ ਨਹੀਂ ਲੱਗਦੀ। ਉਸਦਾ ਵੀਰ ਜਦੋਂ ਵਿਆਹ ਕਰਵਾ ਕੇ ਚੰਨ ਜਿਹੀ ਵਹੁਟੀ ਲੈ ਆਉਂਦਾ ਹੈ। ਆਪਣੀ ਭਾਬੀ ਦੇ ਮੁੱਖੜੇ ਤੋਂ ਘੁੰਡ ਚੁੱਕਦੀ ਹੋਈ ਉਹ ਖੁਸ਼ੀ ਵਿਚ ਫੁੱਲੀ ਨਹੀਂ ਸਮਾਉਂਦੀ।

ਉਸਦੀ ਸੱਸ ਦੇ ਅੱਖੜ ਸੁਭਾਅ ਨੂੰ ਉਸਦੇ ਵੀਰ ਦੀ ਆਮਦ ਨਾਲ ਜਿਵੇਂ ਸੱਪ ਸੁੰਘ ਜਾਂਦਾ ਹੈ। ਏਥੇ ਹੀ ਬੱਸ ਨਹੀਂ ਉਸਦੀ ਸੱਸ ਤਾਂ ਉਸਦੇ ਵੀਰ ਨੂੰ ਸੁੱਕੀ ਖੰਡ ਹੀ ਰੋਟੀ ਨਾਲ ਪਰੋਸ ਦਿੰਦੀ ਹੈ। ਉਸਦੇ ਮੂੰਹੋਂ ਸੱਸ ਦੀ ਮੱਝ ਨੂੰ ਦੁਰਅਸੀਸ ਹੀ ਨਿਕਲਦੀ ਹੈ।

ਬਾਬਲ ਦੇ ਵਿਹੜੇ ਵਿਚ ਗੁੱਡੀਆਂ ਪਟੋਲੇ ਖੇਡ ਕੇ ਜਵਾਨ ਹੋਈ ਭੈਣ ਦੀ ਸਾਂਝ ਆਪਣੇ ਮਾਂ-ਪਿਉ ਜਾਏ ਵੀਰ ਨਾਲ ਆਖਰੀ ਸੁਆਸਾਂ ਤੱਕ ਚਿਰੰਜੀਵ ਰਹਿੰਦੀ ਹੈ। ਜਦੋਂ ਵੀਰ ਦੇ ਘਰ ਪੁੱਤਰ ਜਨਮ ਲੈਂਦਾ ਹੈ ਤਾਂ ਮਾਨੋ ਬਾਬਲ ਦੇ ਵਿਹੜੇ ਵਿਚ ਚੰਨ ਚੜ੍ਹ ਜਾਂਦਾ ਹੈ।

ਉਸਦਾ ਵੀਰ ਕੰਮਾਂ ਕਾਰਾਂ ਵਿਚ ਗ਼ਲਤਾਨ ਉਸਨੂੰ ਮਿਲਣ ਲਈ ਕਿਤੇ ਕਿਤੇ ਦੇਰੀ ਕਰ ਦਿੰਦਾ ਹੈ ਤਾਂ ਭੈਣ ਦਾ ਦਿਲ ਉਦਾਸ ਹੋ ਜਾਂਦਾ ਹੈ। ਉਹ ਲੁਕ ਲੁਕ ਕੇ ਧੂੰਏਂ ਦਾ ਬਹਾਨਾ ਬਣਾ ਕੇ ਅੱਥਰੂ ਵਹਾਉਣ ਲੱਗ ਪੈਂਦੀ ਹੈ। ਵੀਰ ਦੀ ਚਿੱਠੀ ਵੀ ਪੇਕਿਆਂ ਦੀ ਸੁਖ ਸਾਂਦ ਉਸ ਕੋਲ ਪਹੁੰਚਾਉਂਦੀ ਰਹਿੰਦੀ ਹੈ। ਦੂਰ ਪਰਦੇਸ਼ਾਂ ਵਿਚ ਬੈਠੀ ਉਹ ਵੀਰ ਦੀ ਚਿੱਠੀ ਦੀ ਉਡੀਕ ਵਿਚ ਉਤਾਵਲੀ ਹੋ ਜਾਂਦੀ ਹੈ। ਭੈਣ ਨੂੰ ਆਪਣੇ ਵੀਰ ਦੇ ਅਹੁਦੇ 'ਤੇ ਵੀ ਕੋਈ ਘੱਟ ਮਾਣ ਨਹੀਂ ਹੁੰਦਾ। ਆਪਣੀਆਂ ਆਂਢਣਾਂ-ਗੁਆਂਢਣਾਂ ਨੂੰ ਬੜੇ ਫ਼ਖਰ ਨਾਲ ਉਹ ਦੱਸਦੀ ਹੈ-

ਥਾਣੇਦਾਰ ਦੇ ਬਰੋਬਰ ਡਹਿੰਦੀ,
ਨੀ ਕੁਰਸੀ ਮੇਰੇ ਵੀਰ ਦੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਧੀਆਂ ਪਰਾਇਆ ਧਨ ਹੁੰਦੀਆਂ ਹਨ। ਕੁਆਰੀ ਹੁੰਦੀ ਸਮੇਂ ਉਸਦੇ ਰਾਜ਼ ਜਿਥੇ ਮਾਂ ਨਾਲ ਸਾਂਝੇ ਹੁੰਦੇ ਹਨ ਉਥੇ ਵਿਆਹ ਤੋਂ ਬਾਅਦ ਉਹ ਆਪਣੇ ਵੀਰ ਨਾਲ ਦੁੱਖੜੇ ਸਾਂਝੇ ਕਰਦੀ ਰਹਿੰਦੀ ਹੈ।

ਆਓ ਪਰਮ ਪਰਮਾਤਮਾ ਅੱਗੇ ਅਰਦਾਸ ਕਰੀਏ ਕਿ ਇਸ ਪਵਿੱਤਰ ਤਿਉਹਾਰ 'ਤੇ ਸਾਰਿਆਂ ਦੇ ਵਿਹੜੇ ਖੁਸ਼ੀਆਂ ਨਾਲ ਭਰੇ ਰਹਿਣ।

ਅਪੀਲ

ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।

-ਧੰਨਵਾਦ

ਸੇਵਾ ਦੇ ਪੁੰਜ ਸਨ ਭਗਤ ਪੂਰਨ ਸਿੰਘ ਪਿੰਗਲਵਾੜੇ ਵਾਲੇ

ਇੰਜੀਨੀਅਰ
ਪਰਮਿੰਦਰਜੀਤ ਸਿੰਘ
99153-57524



ਕਿਸੇ ਦੇਸ਼ ਦੀ ਸ਼ਕਤੀ ਦੌਲਤ ਨਹੀਂ, ਸਗੋਂ ਉੱਥੋਂ ਦੇ ਲੋਕਾਂ ਦੇ ਆਚਰਨ ਵਿੱਚ ਅਤੇ ਲੋਕ-ਭਲਾਈ ਲਈ ਪਾਏ ਗਏ ਯੋਗਦਾਨ ਵਿੱਚ ਹੁੰਦੀ ਹੈ। ਹਰ ਸਮਾਜ ਵਿੱਚ ਕੁੱਝ ਅਜਿਹੇ ਲੋਕ ਹੁੰਦੇ ਹਨ, ਜੋ ਅੰਗਹੀਣ, ਬਿਮਾਰ ਤੇ ਬੇਕਾਰ ਜਾਂ ਸਮਾਜ ਵੱਲੋਂ ਦੁਰਕਾਰੇ ਗਏ ਹਨ। ਇਨ੍ਹਾਂ ਵਿੱਚ ਕੁੱਝ ਉਹ ਅੰਗਹੀਣ ਵੀ ਹਨ, ਜਿਨ੍ਹਾਂ ਨੂੰ ਕਿਸੇ ਵੀ ਹਸਪਤਾਲ ਵਿੱਚ ਦਾਖਲ ਨਹੀਂ ਕੀਤਾ ਜਾਂਦਾ ਅਤੇ ਉਹ ਸੜਕਾਂ ਤੇ ਹੀ ਰੁਲ-ਰੁਲ ਕੇ ਮਰ ਜਾਂਦੇ ਹਨ, ਫਿਰ ਇਨ੍ਹਾਂ ਦਾ ਧਿਆਨ ਰੱਖਣ ਵਾਲਾ ਕੌਣ ਹੈ? ਇਨ੍ਹਾਂ ਦਾ ਖਿਆਲ ਰੱਖਣ ਵਾਲਾ ਸੀ ਭਗਤ ਪੂਰਨ ਸਿੰਘ ਪਿੰਗਲਵਾੜਾ ਵਾਲੇ। ਭਗਤ ਪੂਰਨ ਸਿੰਘ ਜੀ ਦਾ ਜਨਮ 4 ਜੂਨ 1904 ਈ. ਨੂੰ ਪਿੰਡ ਰਾਜੇਵਾਲ ਰੋਹਣੋਂ ਤਹਿਸੀਲ ਖੰਨਾ ਜ਼ਿਲ੍ਹਾ ਲੁਧਿਆਣਾ ਵਿਖੇ ਪਿਤਾ ਸ੍ਰੀ ਛਿੱਬੂ ਮੱਲ ਸ਼ਾਹੂਕਾਰ ਦੇ ਘਰ ਮਾਤਾ ਮਹਿਤਾਬ ਕੌਰ ਜੀ ਦੀ ਕੁੱਖੋਂ ਹੋਇਆ। ਬਚਪਨ ਤੋਂ ਹੀ ਉਨ੍ਹਾਂ ਨੂੰ ਸੇਵਾ ਕਰਨ ਦਾ ਸ਼ੌਕ ਸੀ। ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਭਗਤ ਪੂਰਨ ਸਿੰਘ ਜੀ ਬਿਨਾਂ ਤਨਖਾਹ ਤੋਂ ਸੇਵਾ ਕਰਨ ਲੱਗੇ। ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ 20 ਸਾਲ ਲਗਾਤਾਰ ਲੰਗਰ ਦੀ, ਜੋੜਿਆਂ ਦੀ, ਯਾਤਰੂਆਂ ਨੂੰ ਬਿਸਤਰੇ ਅਤੇ ਭਾਂਡੇ ਦੇਣ ਦੀ ਨਿਸ਼ਕਾਮ ਸੇਵਾ ਕੀਤੀ। ਭਗਤ ਪੂਰਨ ਸਿੰਘ ਦਾ ਬਚਪਨ ਦਾ ਨਾਂਅ ਰਾਮ ਜੀ ਦਾਸ ਸੀ। ਗੁਰਦੁਆਰਾ ਡੇਹਰਾ ਸਾਹਿਬ ਵਿਖੇ ਕੀਤੀ ਨਿਸ਼ਕਾਮ ਸੇਵਾ ਅਤੇ ਲਾਚਾਰ ਤੇ ਲਵਾਰਸ ਰੋਗੀਆਂ ਦੀ ਸੇਵਾ-ਸੰਭਾਲ ਨੇ ਉਨ੍ਹਾਂ ਨੂੰ ਰਾਮ ਜੀ ਦਾਸ ਤੋਂ ਭਗਤ ਪੂਰਨ ਸਿੰਘ ਬਣਾ ਦਿੱਤਾ। ਗਿਆਨੀ ਕਰਤਾਰ ਸਿੰਘ ਅਤੇ ਭਗਤ ਜੀ ਦੀ ਮਾਤਾ ਮਹਿਤਾਬ ਕੌਰ ਨੇ ਇਨ੍ਹਾਂ ਦੀ ਸੇਵਾ ਨੂੰ ਦੇਖ ਕੇ ਭਗਤ ਜੀ ਕਹਿ ਕੇ ਸੰਬੋਧਨ ਕੀਤਾ। ਭਗਤ ਜੀ ਨੇ ਆਪਣੀ ਮਾਂ ਨਾਲ ਇਹ ਵਾਅਦਾ ਕੀਤਾ ਕਿ ਮੈਂ ਉਮਰ ਭਰ ਕੁਆਰਾ ਰਹਾਂਗਾ ਅਤੇ ਬੇਸਹਾਰਾ, ਅਪੰਗਾਂ ਅਤੇ ਗਰੀਬਾਂ ਦੀ ਸੇਵਾ ਵਿੱਚ ਹੀ ਜੀਵਨ ਬਤੀਤ ਕਰਾਂਗਾ। ਭਗਤ ਪੂਰਨ ਸਿੰਘ ਨੇ ਮਨੁੱਖਤਾ ਦੀ ਸੇਵਾ ਦਾ ਮੁੱਢ ਸੰਨ 1934 ਈ. ਵਿੱਚ ਇੱਕ ਚਾਰ ਸਾਲ ਦੇ ਬੱਚੇ ਪਿਆਰਾ ਸਿੰਘ ਦੀ ਸੇਵਾ ਤੋਂ ਸ਼ੁਰੂ ਕੀਤਾ। ਇਸ ਅਪੰਗ ਬੱਚੇ ਨੂੰ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੀ ਡਿਊਢੀ ਅੱਗੇ ਕੋਈ ਛੱਡ ਗਿਆ ਸੀ। ਇਹ ਬੱਚਾ ਸ਼ਕਲ ਸੂਰਤ ਤੋਂ ਬੜਾ ਕਰੂਪ ਸੀ। ਗੁਰਦੁਆਰਾ ਸਾਹਿਬ ਦੇ ਗ੍ਰੰਥੀ ਨੇ ਬੱਚੇ ਨੂੰ ਭਗਤ ਜੀ ਦੇ ਹਵਾਲੇ ਕਰਕੇ ਆਖਿਆ ਪੂਰਨ ਸਿੰਘ ਤੂੰ ਹੀ ਅੱਜ ਤੋਂ ਇਸ ਬੱਚੇ ਦੀ ਸੇਵਾ ਸੰਭਾਲ ਕਰ। ਭਗਤ ਜੀ ਲਈ ਇਹ ਬੱਚਾ ਪਿਆਰ ਦਾ ਸੋਮਾ ਹੋ ਨਿਬੜਿਆ। ਜਿਸ ਕਰਕੇ ਉਸ ਦਾ ਨਾਂਅ ਪਿਆਰਾ ਸਿੰਘ ਹੋ ਗਿਆ। ਭਗਤ ਪੂਰਨ ਸਿੰਘ 14 ਸਾਲ ਤੱਕ ਇਸ ਲਾਚਾਰ ਬੱਚੇ ਨੂੰ ਵੱਖ-ਵੱਖ ਥਾਵਾਂ 'ਤੇ ਆਪਣੇ ਮੋਢਿਆਂ 'ਤੇ ਚੁੱਕ ਕੇ ਫਿਰਦੇ ਰਹੇ, ਕਿਉਂ ਜੋ ਉਸ ਸਮੇਂ ਉਨ੍ਹਾਂ ਕੋਲ ਕੋਈ ਪੱਕੀ ਜਗ੍ਹਾ ਨਹੀਂ ਸੀ। ਇਸ ਦੌਰਾਨ ਭਗਤ ਪੂਰਨ ਸਿੰਘ ਜੀ ਨੂੰ ਜੋ ਵੀ ਸਮਾਂ ਮਿਲਦਾ, ਉਹ ਵੱਖ-ਵੱਖ ਲਾਇਬ੍ਰੇਰੀਆਂ ਵਿੱਚ ਸਮਾਜ ਦੀਆਂ ਵੱਖ-ਵੱਖ ਸਮੱਸਿਆਵਾਂ ਦਾ ਅਧਿਐਨ ਕਰਦੇ ਅਤੇ ਉਨ੍ਹਾਂ ਦੇ ਦੁੱਖਾਂ ਦੇ ਹੱਲ ਬਾਰੇ ਸੋਚਦੇ। ਭਗਤ ਜੀ ਦਾ ਅਕਾਲ ਪੁਰਖ ਤੇ ਅਤੁੱਟ ਵਿਸ਼ਵਾਸ ਅਤੇ ਦੁੱਖੀ ਮਨੁੱਖਤਾ ਦੀ ਸੇਵਾ ਕਰਨ ਦੀ ਪ੍ਰਬਲ ਇੱਛਾ ਕਰਕੇ ਹੀ ਇਹ ਸੰਭਵ ਹੋ ਸਕਿਆ। 1947 ਵਿੱਚ ਦੇਸ਼ ਦੀ ਵੰਡ ਉਪਰੰਤ ਖਾਲਸਾ ਕਾਲਜ ਅੰਮ੍ਰਿਤਸਰ ਦੇ ਸ਼ਰਨਾਰਥੀ ਕੈਂਪ ਵਿੱਚ ਰਹੇ। 1948 ਤੋਂ 1955 ਈ. ਤੱਕ ਫੁੱਟਪਾਥਾਂ, ਰੁੱਖਾਂ ਦੀ ਛਾਵੇਂ, ਕਦੇ ਖਾਲਸਾ ਕਾਲਜ ਕੋਲ, ਕਦੇ ਰੇਲਵੇ ਸਟੇਸ਼ਨ ਕੋਲ, ਕਦੇ ਚੀਫ ਖਾਲਸਾ ਦੀਵਾਨ ਦੇ ਕੋਲ, ਕਦੇ ਗੁਰੂ ਤੇਗ ਬਹਾਦਰ ਦੇ ਕੋਲ ਕਦੇ ਰੈੱਡ ਕਰਾਸ ਭਵਨ ਕੋਲ ਝੌਂਪੜੀਆਂ ਬਣਾ ਕੇ ਪੀੜ੍ਹਤ ਲੋਕਾਂ ਦੀ ਇਨ੍ਹਾਂ ਨੇ ਸੇਵਾ ਸੰਭਾਲ ਕੀਤੀ। ਸੰਨ 1958 ਈ. ਵਿੱਚ ਤਹਿਸੀਲਪੁਰਾ ਜੀ.ਟੀ.ਰੋਡ ਅੰਮ੍ਰਿਤਸਰ ਵਿਖੇ ਜਗ੍ਹਾ ਮੁੱਲ ਖਰੀਦ ਕੇ ਭਗਤ ਜੀ ਨੇ ਪਿੰਗਲਵਾੜੇ ਦੀ ਨੀਂਹ ਰੱਖੀ। 6 ਮਾਰਚ 1957 ਨੂੰ ਆਲ ਇੰਡੀਆ ਪਿੰਗਲਵਾੜਾ ਸੋਸਾਇਟੀ (ਰਜਿ.) ਕਰਵਾ ਲਈ। ਪਿੰਗਲਵਾੜਾ ਜੋ ਭਗਤ ਪੂਰਨ ਸਿੰਘ ਜੀ ਨੇ ਕੁੱਝ ਕੁ ਮਰੀਜ਼ਾਂ ਨੂੰ ਲੈ ਕੇ ਬੀਜ ਰੂਪ ਵਿੱਚ ਸ਼ੁਰੂ ਕੀਤਾ। ਅੱਜ 1700 ਮਰੀਜ਼ ਜਿਨ੍ਹਾਂ ਵਿੱਚ ਔਰਤਾਂ, ਬੱਚੇ ਤੇ ਬੁੱਢੇ ਸ਼ਾਮਲ ਹਨ। ਭਗਤ ਪੂਰਨ ਸਿੰਘ ਨੂੰ ਭਾਰਤ ਸਰਕਾਰ ਵੱਲੋਂ 1981 ਵਿੱਚ ਪਦਮ ਸ੍ਰੀ ਐਵਾਰਡ ਨਾਲ ਸਨਮਾਨਤ ਕੀਤਾ ਗਿਆ, ਪਰ ਭਾਰਤ ਸਰਕਾਰ ਵੱਲੋਂ 1984 ਵਿੱਚ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਤੇ ਹੋਏ ਹਮਲੇ ਸਮੇਂ ਉਨ੍ਹਾਂ ਨੇ ਇਹ ਐਵਾਰਡ ਵਾਪਸ ਕਰ ਦਿੱਤਾ ਸੀ। ਉਨ੍ਹਾਂ ਨੂੰ 1990 ਵਿੱਚ ਹਾਰਮਨੀ ਐਵਾਰਡ, 1991 ਵਿੱਚ ਰੋਗ ਰਤਨ ਐਵਾਰਡ ਪ੍ਰਾਪਤ ਹੋਏ। ਸੇਵਾ ਦੇ ਪੁੰਜ ਭਗਤ ਪੂਰਨ ਸਿੰਘ ਜੀ 5 ਅਗਸਤ 1992 ਈ. ਨੂੰ 88 ਸਾਲ ਦੀ ਉਮਰ ਬਤੀਤ ਕਰਕੇ ਸੱਚਖੰਡ ਜਾ ਬਿਰਾਜੇ।

ਲੁਬਾਣਾ ਬਰਾਦਰੀ ਦਾ ਰਾਖਵਾਂਕਰਨ ਖਤਮ ਕਰਨ ਦੀ ਬਜਾਏ ਸਮਾਜਿਕ ਨਿਆਂ ਹੋਰ ਮਜਬੂਤ ਹੋਣਾ ਚਾਹੀਦਾ ਹੈ



ਲੁਬਾਣਾ ਬਰਾਦਰੀ ਦੀ ਬਹੁ ਗਿਣਤੀ ਵੰਡ ਵੇਲੇ ਪੱਛਮੀ ਪੰਜਾਬ ਤੋਂ ਪਰਵਾਸ ਕਰਕੇ ਮੌਜੂਦਾ ਪੰਜਾਬ ਦੇ ਪਿੰਡਾਂ ਵਿਚ ਆ ਵਸੀ। ਇਹ ਸੰਤ ਪਰੇਮ ਸਿੰਘ ਜੀ ਦੀ ਤੀਖਣ ਬੁਧੀ ਅਤੇ ਵਿਸ਼ਾਲ ਸੋਚ ਦਾ ਨਤੀਜਾ ਸੀ ਕਿ ਵੰਡ ਦਾ ਸੇਕ ਹੰਢਾ ਚੁਕੀ ਲੁਬਾਣਾ ਬਰਾਦਰੀ ਨੂੰ ਅਜ਼ਾਦੀ ਤੋਂ ਤੁਰੰਤ ਬਾਅਦ ਅਜ਼ਾਦ ਦੇਸ਼ ਵਿਚ ਮਿਲਣ ਵਾਲੀਆਂ ਸਹੂਲਤਾਂ ਵਿਚ ਬਰਾਦਰੀ ਨੂੰ ਵਿਦਿਆ ਪਰਾਪਤੀ ਅਤੇ ਉਪਰੰਤ ਸਰਕਾਰੀ ਨੌਕਰੀਆਂ ਵਿਚ ਹਿਸਾ ਅਤੇ ਬਾਕੀਆਂ ਦੇ ਬਰਾਬਰ ਖਲੋਣ ਦੇ ਮੌਕੇ ਪਰਦਾਨ ਕਰਵਾਉਣ ਲਈ ਬਰਾਦਰੀ ਨੂੰ ਪਿਛੜੀਆਂ ਜਾਤੀਆਂ ਵਿਚ ਸ਼ਾਮਲ ਕਰਵਾਉਣ ਲਈ ਉਪਰਾਲੇ ਆਪਣੇ ਜਿਉਂਦੇ ਜੀਅ ਸ਼ੁਰੂ ਕਰ ਦਿਤੇ ਸਨ, ਭਾਵੇਂ ਕਿ ਇਸ ਕੋਸ਼ਿਸ਼ ਨੂੰ ਫਲ ਉਹਨਾਂ ਦੇ ਟੁਰ ਜਾਣ ਤੋਂ ਬਾਅਦ 1953 ਵਿਚ ਪਿਆ।

ਕਿਸੇ ਵੀ ਲੋਕਤੰਤਰੀ ਸਮਾਜ ਦੀ ਪਹਿਚਾਣ ਇਸ ਗੱਲ ਨਾਲ ਹੁੰਦੀ ਹੈ ਕਿ ਉਹ ਆਪਣੇ ਕਮਜ਼ੋਰ ਵਰਗਾਂ ਨਾਲ ਕਿਹੋ ਜਿਹਾ ਵਿਵਹਾਰ ਕਰਦਾ ਹੈ। ਭਾਰਤੀ ਸੰਵਿਧਾਨ ਦੇ ਨਿਰਮਾਤਾਵਾਂ ਨੇ ਇਹ ਗੱਲ ਬਹੁਤ ਪਹਿਲਾਂ ਸਮਝ ਲਈ ਸੀ ਕਿ ਸਿਰਫ ਕਾਨੂੰਨੀ ਬਰਾਬਰੀ ਨਾਲ ਅਸਲ ਬਰਾਬਰੀ ਨਹੀਂ ਆਉਂਦੀ। ਜਿਨ੍ਹਾਂ ਭਾਈਚਾਰਿਆਂ ਨੂੰ ਸਦੀਆਂ ਤੱਕ ਸਮਾਜਿਕ, ਵਿਦਿਅਕ ਅਤੇ ਆਰਥਿਕ ਪੱਖੋਂ ਪਿੱਛੇ ਰਹਿਣਾ ਪਿਆ, ਉਨ੍ਹਾਂ ਨੂੰ ਅੱਗੇ ਲਿਆਉਣ ਲਈ ਵਿਸ਼ੇਸ਼ ਮੌਕਿਆਂ ਦੀ ਲੋੜ ਹੁੰਦੀ ਹੈ। ਪਿਛੜੀਆਂ ਸ਼੍ਰੇਣੀਆਂ ਲਈ ਰਾਖਵੇਂਕਰਨ ਇਸੇ ਸੰਵਿਧਾਨਕ ਸੋਚ ਦਾ ਨਤੀਜਾ ਹੈ।

ਇਸ ਪ੍ਰਸੰਗ ਵਿੱਚ ਪੰਜਾਬ ਦੀ ਲੁਬਾਣਾ ਬਰਾਦਰੀ ਨੂੰ ਮਿਲ ਰਿਹਾ ਪਿਛੜੀਆਂ ਸ਼੍ਰੇਣੀਆਂ ਦਾ ਦਰਜਾ ਕਿਸੇ ਤਰਸ ਜਾਂ ਰਿਆਇਤ ਦਾ ਪ੍ਰਤੀਕ ਨਹੀਂ, ਸਗੋਂ ਲੰਬੇ ਸਮੇਂ ਤੱਕ ਕੀਤੇ ਗਏ ਸਮਾਜਿਕ ਅਤੇ ਪ੍ਰਸਾਸ਼ਨਿਕ ਅਧਿਐਨਾਂ ਦਾ ਨਤੀਜਾ ਹੈ। ਇਹ ਦਰਜਾ ਬਿਨਾਂ ਕਾਰਨ ਨਹੀਂ ਮਿਲਿਆ ਸੀ ਅਤੇ ਨਾ ਹੀ ਇਸ ਨੂੰ ਬਿਨਾਂ ਚੁੱਕਵੇਂ ਤੱਥਾਂ ਦੇ ਖਤਮ ਕੀਤਾ ਜਾ ਸਕਦਾ ਹੈ।

ਅੱਜ ਕੁਝ ਲੋਕ ਇਹ ਦਲੀਲ ਦਿੰਦੇ ਹਨ ਕਿ ਲੁਬਾਣਾ ਬਰਾਦਰੀ ਦੇ ਕੁਝ ਪਰਿਵਾਰ ਆਰਥਿਕ ਤੌਰ 'ਤੇ ਮਜਬੂਤ ਹੋ ਗਏ ਹਨ, ਇਸ ਲਈ ਰਾਖਵੇਂਕਰਨ ਦੀ ਲੋੜ ਨਹੀਂ ਰਹੀ। ਪਰ ਇਹ ਤਰਕ ਨਾ ਤਾਂ ਸਮਾਜਿਕ ਵਿਗਿਆਨ ਦੀ ਕਸੌਟੀ 'ਤੇ ਖਰਾ ਉਤਰਦਾ ਹੈ ਅਤੇ ਨਾ ਹੀ ਸੰਵਿਧਾਨਕ ਸੋਚ ਨਾਲ ਮੇਲ ਖਾਂਦਾ ਹੈ। ਕਿਸੇ ਵੀ ਭਾਈਚਾਰੇ ਦਾ ਮੁਲਾਂਕਣ ਉਸ ਦੇ ਕੁਝ ਸਫਲ ਵਿਅਕਤੀਆਂ ਨਾਲ ਨਹੀਂ, ਸਗੋਂ ਉਸ ਦੇ ਵੱਡੇ ਹਿੱਸੇ ਦੀ ਹਕੀਕਤ ਨਾਲ ਕੀਤਾ ਜਾਂਦਾ ਹੈ। ਪੰਜਾਬ ਦੇ ਅਨੇਕਾਂ ਪਿੰਡਾਂ ਅਤੇ ਕਸਬਿਆਂ ਵਿਚ ਅੱਜ ਵੀ ਲੁਬਾਣਾ ਪਰਿਵਾਰ ਸੀਮਤ ਆਮਦਨ, ਉੱਚ ਸਿੱਖਿਆ ਤੱਕ ਘੱਟ ਪਹੁੰਚ ਅਤੇ ਸਰਕਾਰੀ ਨੌਕਰੀਆਂ ਵਿੱਚ ਘੱਟ ਨੁਮਾਇੰਦਗੀ ਵਰਗੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ।

ਸਭ ਤੋਂ ਮਹੱਤਵਪੂਰਨ ਸਵਾਲ ਇਹ ਹੈ ਕਿ ਕੀ ਉਹ ਹਾਲਾਤ, ਜਿਨ੍ਹਾਂ ਦੇ ਆਧਾਰ 'ਤੇ ਲੁਬਾਣਾ ਬਰਾਦਰੀ ਨੂੰ ਪਿਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਕੀਤਾ ਗਿਆ ਸੀ, ਪੂਰੀ ਤਰ੍ਹਾਂ ਖਤਮ ਹੋ ਚੁੱਕੇ ਹਨ? ਜੇ ਇਸ ਦਾ ਜਵਾਬ "ਨਹੀਂ" ਹੈ, ਤਾਂ ਰਾਖਵੇਂਕਰਨ ਖਤਮ ਕਰਨ ਦੀ ਕੋਈ ਵੀ ਕੋਸ਼ਿਸ਼ ਸਮਾਜਿਕ ਨਿਆਂ ਦੇ ਸਿਧਾਂਤ ਨੂੰ ਕਮਜ਼ੋਰ ਕਰੇਗੀ। ਕਿਸੇ ਭਾਈਚਾਰੇ ਨੂੰ ਸਿਰਫ ਅਨੁਮਾਨਾਂ ਜਾਂ ਧਾਰਣਾਵਾਂ ਦੇ ਆਧਾਰ 'ਤੇ ਉਸ ਦੇ ਸੰਵਿਧਾਨਕ ਅਧਿਕਾਰਾਂ ਤੋਂ ਵਾਂਝਾ ਨਹੀਂ ਕੀਤਾ ਜਾ ਸਕਦਾ।

ਅਸਲ ਵਿਚ ਰਾਖਵੇਂਕਰਨ ਦਾ ਸਭ ਤੋਂ ਵੱਡਾ ਲਾਭ ਉਹਨਾਂ ਨੌਜਵਾਨਾਂ ਨੂੰ ਮਿਲਦਾ ਹੈ ਜੋ ਆਪਣੀ ਮਿਹਨਤ ਦੇ ਬਲ 'ਤੇ ਉੱਚ ਸਿੱਖਿਆ ਅਤੇ ਸਰਕਾਰੀ ਸੇਵਾਵਾਂ ਵਿੱਚ ਦਾਖਲ ਹੋਣ ਦਾ ਸੁਪਨਾ ਦੇਖਦੇ ਹਨ। ਜੇ ਇਹ ਮੌਕੇ ਘਟਾ ਦਿੱਤੇ ਗਏ ਤਾਂ ਇਸ ਦਾ ਨੁਕਸਾਨ ਕਿਸੇ ਅਮੀਰ ਪਰਿਵਾਰ ਨੂੰ ਨਹੀਂ, ਸਗੋਂ ਉਸ ਗਰੀਬ ਅਤੇ ਮੱਧਵਰਗੀ ਵਿਦਿਆਰਥੀ ਨੂੰ ਹੋਵੇਗਾ ਜਿਸ ਲਈ ਰਾਖਵੇਂਕਰਨ ਇਕ ਬਰਾਬਰੀ ਦਾ ਮੌਕਾ ਹੈ।

ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਭਾਰਤ ਦੀਆਂ ਅਦਾਲਤਾਂ ਨੇ ਵਾਰ-ਵਾਰ ਇਹ ਸਪੱਸ਼ਟ ਕੀਤਾ ਹੈ ਕਿ ਪਿਛੜੀਆਂ ਸ਼੍ਰੇਣੀਆਂ ਦੀ ਸੂਚੀ ਵਿਚ ਤਬਦੀਲੀ ਚੁੱਕਵੇਂ ਅਤੇ ਭਰੋਸੇਯੋਗ ਅੰਕੜਿਆਂ, ਵਿਗਿਆਨਕ ਸਰਵੇਖਣਾਂ ਅਤੇ ਸਮਾਜਿਕ ਪੜਤਾਲ ਦੇ ਆਧਾਰ 'ਤੇ ਹੀ ਕੀਤੀ ਜਾਣੀ ਚਾਹੀਦੀ ਹੈ। ਸਿਰਫ ਧਾਰਣਾਵਾਂ, ਛਿੱਟਪੁੱਟ ਉਦਾਹਰਣਾਂ ਜਾਂ ਸਮਾਜਿਕ ਪ੍ਰਭਾਵ ਦੇ ਆਧਾਰ 'ਤੇ ਅਜਿਹਾ ਫੈਸਲਾ ਲੈਣਾ ਨਾ ਤਾਂ ਨਿਆਂਸੰਗਤ ਹੈ ਅਤੇ ਨਾ ਹੀ ਸੰਵਿਧਾਨਕ ਤੌਰ 'ਤੇ ਉਚਿਤ।

ਪੰਜਾਬ ਪਛੜੀਆਂ ਸ਼੍ਰੇਣੀਆਂ ਕਮਿਸ਼ਨ ਅਤੇ ਰਾਜ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਮਾਮਲੇ ਨੂੰ ਸਿਰਫ ਪ੍ਰਸ਼ਾਸਨਿਕ ਫਾਈਲ ਵਜੋਂ ਨਾ

ਦੇਖਣ। ਇਹ ਹਜ਼ਾਰਾਂ ਪਰਿਵਾਰਾਂ ਦੇ ਭਵਿੱਖ, ਹਜ਼ਾਰਾਂ ਵਿਦਿਆਰਥੀਆਂ ਦੇ ਸੁਪਨਿਆਂ ਅਤੇ ਸਮਾਜਿਕ ਨਿਆਂ ਦੇ ਇਕ ਮਹੱਤਵਪੂਰਨ ਸਿਧਾਂਤ ਨਾਲ ਜੁੜਿਆ ਹੋਇਆ ਮੁੱਦਾ ਹੈ। ਜੇਕਰ ਕੋਈ ਸਮੀਖਿਆ ਕੀਤੀ ਜਾਂਦੀ ਹੈ ਤਾਂ ਉਹ ਪੂਰੀ ਪਾਰਦਰਸ਼ਤਾ ਨਾਲ, ਤਾਜ਼ਾ ਸਮਾਜਿਕ-ਆਰਥਿਕ ਅੰਕੜਿਆਂ, ਵਿਦਿਅਕ ਸਥਿਤੀ, ਰੁਜ਼ਗਾਰ ਵਿਚ ਨੁਮਾਇੰਦਗੀ ਅਤੇ ਮੈਦਾਨੀ ਸਰਵੇਖਣ ਦੇ ਆਧਾਰ 'ਤੇ ਹੀ ਹੋਣੀ ਚਾਹੀਦੀ ਹੈ।

ਇਸ ਦੇ ਨਾਲ ਹੀ ਲੁਬਾਣਾ ਬਰਾਦਰੀ ਦੇ ਬੁੱਧੀਜੀਵੀਆਂ, ਸਮਾਜਿਕ ਸੰਸਥਾਵਾਂ, ਵਿਦਵਾਨਾਂ ਅਤੇ ਨੌਜਵਾਨਾਂ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਭਾਵਨਾਤਮਕ ਨਾਅਰਿਆਂ ਦੀ ਬਜਾਏ ਤੱਥਾਂ ਅਤੇ ਪ੍ਰਮਾਣਾਂ ਨਾਲ ਆਪਣਾ ਪੱਖ ਪੇਸ਼ ਕਰਨ। ਸਿੱਖਿਆ, ਰੁਜ਼ਗਾਰ, ਆਮਦਨ, ਜ਼ਮੀਨ ਦੀ ਮਲਕੀਅਤ, ਸਰਕਾਰੀ ਸੇਵਾਵਾਂ ਵਿਚ ਹਿੱਸੇਦਾਰੀ ਅਤੇ ਸਮਾਜਿਕ ਹਾਲਾਤਾਂ ਬਾਰੇ ਪ੍ਰਮਾਣਿਕ ਅੰਕੜੇ ਹੀ ਸਭ ਤੋਂ ਮਜਬੂਤ ਦਲੀਲ ਬਣ ਸਕਦੇ ਹਨ। ਕਿਸੇ ਵੀ ਸਮਾਜ ਦੀ ਤਰੱਕੀ ਦਾ ਮਾਪਦੰਡ ਇਹ ਨਹੀਂ ਕਿ ਉਸ ਦੇ ਕੁਝ ਲੋਕ ਸਫਲ ਹੋ ਗਏ ਹਨ, ਸਗੋਂ ਇਹ ਹੈ ਕਿ ਕੀ ਉਸ ਦਾ ਆਖਰੀ ਵਿਅਕਤੀ ਵੀ ਇੱਜ਼ਤ ਅਤੇ ਬਰਾਬਰੀ ਨਾਲ ਅੱਗੇ ਵਧਣ ਦਾ ਮੌਕਾ ਪ੍ਰਾਪਤ ਕਰ ਰਿਹਾ ਹੈ। ਜਦੋਂ ਤੱਕ ਲੁਬਾਣਾ ਬਰਾਦਰੀ ਦੇ ਹਰ ਵਰਗ ਨੂੰ ਉਹ ਮੌਕੇ ਹਕੀਕਤ ਵਿਚ ਉਪਲਬਧ ਨਹੀਂ ਹੋ ਜਾਂਦੇ, ਉਦੋਂ ਤੱਕ ਪਿਛੜੀਆਂ ਸ਼੍ਰੇਣੀਆਂ ਦੇ ਰਾਖਵੇਂਕਰਨ ਦਾ ਲਾਭ ਜਾਰੀ ਰਹਿਣਾ ਚਾਹੀਦਾ ਹੈ।

ਅੱਜ ਲੋੜ ਕਿਸੇ ਭਾਈਚਾਰੇ ਦੇ ਹੱਕ ਘਟਾਉਣ ਦੀ ਨਹੀਂ, ਸਗੋਂ ਸਮਾਜਿਕ ਨਿਆਂ ਨੂੰ ਹੋਰ ਮਜਬੂਤ ਕਰਨ ਦੀ ਹੈ। ਇਹੀ ਸੰਵਿਧਾਨ ਦੀ ਭਾਵਨਾ ਹੈ, ਇਹੀ ਲੋਕਤੰਤਰ ਦੀ ਰੂਹ ਹੈ ਅਤੇ ਇਹੀ ਇਕ ਨਿਆਂਪੂਰਨ ਸਮਾਜ ਦੀ ਪਹਿਚਾਣ ਵੀ ਹੈ।

● ● ●

ਦੁਨੀਆਂ ਇਕ ਅਜਿਹੀ ਕਚਹਿਰੀ ਹੈ, ਜਿਥੇ ਹਰ ਰੋਜ਼ ਹਰ ਕੋਈ ਸਫ਼ਾਈ ਦਿੰਦਾ ਹੀ ਨਜ਼ਰ ਆਉਂਦਾ ਹੈ।

● ● ●

ਲੁਬਾਣਾ ਬਰਾਦਰੀ ਦੀ ਸਤਿਕਾਰਤ ਹਸਤੀ ਡਾ. ਸ਼ਬਨਮਪ੍ਰੀਤ ਕੌਰ ਮੁਲਤਾਨੀ

ਪਿੰਡ ਬਾਕਰਪੁਰ ਤੋਂ ਨਿਊਯਾਰਕ ਤੱਕ ਡਾ. ਸ਼ਬਨਮਪ੍ਰੀਤ ਕੌਰ ਮੁਲਤਾਨੀ ਦੀ ਪ੍ਰੇਰਣਾਦਾਇਕ ਗਾਥਾ ਸਿੱਖਿਆ, ਸੇਵਾ, ਸਮਰਪਣ ਅਤੇ ਲੀਡਰਸ਼ਿਪ ਦਾ ਇੱਕ ਵਿਲੱਖਣ ਸਫਰ ਦੀ ਕਹਾਣੀ ਹੈ। ਕੁਝ ਜੀਵਨ-ਸਫਰ ਸਿਰਫ ਨਿੱਜੀ ਸਫਲਤਾ ਦੀ ਕਹਾਣੀ ਨਹੀਂ ਹੁੰਦੇ, ਸਗੋਂ ਉਹ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਦਾ ਸਰੋਤ ਬਣ ਜਾਂਦੇ ਹਨ। ਡਾ. ਸ਼ਬਨਮਪ੍ਰੀਤ ਕੌਰ ਮੁਲਤਾਨੀ ਦਾ ਜੀਵਨ-ਸਫਰ ਵੀ ਅਜਿਹੀ ਹੀ ਇੱਕ ਪ੍ਰੇਰਣਾਦਾਇਕ ਗਾਥਾ ਹੈ। ਪੰਜਾਬ ਦੇ ਜ਼ਿਲ੍ਹਾ ਕਪੂਰਥਲਾ ਦੇ ਇੱਕ ਛੋਟੇ ਜਿਹੇ ਪਿੰਡ ਬਾਕਰਪੁਰ ਤੋਂ ਸ਼ੁਰੂ ਹੋ ਕੇ ਨਿਊਯਾਰਕ ਦੇ ਵਿਸ਼ਾਲ ਮਹਾਂਨਗਰ ਵਿੱਚ ਸਿਹਤ ਪ੍ਰਬੰਧਨ ਦੇ ਉੱਚ ਅਹੁਦੇ ਤੱਕ ਪਹੁੰਚਣ ਦੀ ਗਾਥਾ। ਉਨ੍ਹਾਂ ਦੀ ਕਹਾਣੀ ਇਸ



ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਜੇਕਰ ਇਨਸਾਨ ਕੋਲ ਮਿਹਨਤ, ਦ੍ਰਿੜ੍ਹ ਇਰਾਦਾ, ਸਿੱਖਿਆ ਅਤੇ ਸਮਾਜ ਦੀ ਸੇਵਾ ਕਰਨ ਦੀ ਭਾਵਨਾ ਹੋਵੇ ਤਾਂ ਕੋਈ ਵੀ ਮੰਜ਼ਿਲ ਦੂਰ ਨਹੀਂ ਰਹਿੰਦੀ।

ਉਨ੍ਹਾਂ ਦਾ ਜਨਮ ਅਤੇ ਪਾਲਣ-ਪੋਸ਼ਣ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਬਾਕਰਪੁਰ ਵਿੱਚ ਇੱਕ ਅਜਿਹੇ ਪਰਿਵਾਰ ਵਿੱਚ ਹੋਇਆ, ਜਿੱਥੇ ਸਿੱਖਿਆ, ਇਮਾਨਦਾਰੀ, ਮਿਹਨਤ ਅਤੇ ਲੋਕ-ਸੇਵਾ ਨੂੰ ਜੀਵਨ ਦੀਆਂ ਮਹੱਤਵਪੂਰਨ ਕਦਰਾਂ-ਕੀਮਤਾਂ ਮੰਨਿਆ ਜਾਂਦਾ ਸੀ।

ਉਨ੍ਹਾਂ ਦੇ ਪਿਤਾ ਸ. ਸੁਰਿੰਦਰ ਸਿੰਘ ਨੌਜਵਾਨ ਪੰਜਾਬ ਰਾਜ ਦੇ ਸਿੱਖਿਆ ਵਿਭਾਗ ਨਾਲ ਸੰਬੰਧਤ ਸੇਵਾਵਾਂ ਨਿਭਾਉਂਦੇ ਹੋਏ ਪੰਜਾਬ ਸਕੂਲ ਸਿੱਖਿਆ ਬੋਰਡ ਵਿੱਚ

ਪ੍ਰਿੰਸੀਪਲ ਦੇ ਅਹੁਦੇ ਤੋਂ ਸੇਵਾਮੁਕਤ ਹੋਏ। ਉਨ੍ਹਾਂ ਦੇ ਪਰਿਵਾਰ ਵਿੱਚ ਸਿੱਖਿਆ ਪ੍ਰਤੀ ਸਮਰਪਣ ਦੀ ਇਹ ਪਰੰਪਰਾ ਹੋਰ ਵੀ ਮਜਬੂਤ ਸੀ, ਕਿਉਂਕਿ ਉਨ੍ਹਾਂ ਦੇ ਚਾਚਾ ਵੀ ਜਲੰਧਰ ਜ਼ਿਲ੍ਹੇ ਦੇ ਜ਼ਿਲ੍ਹਾ ਸਿੱਖਿਆ ਅਫਸਰ ਵਜੋਂ ਸੇਵਾ ਨਿਭਾ ਕੇ ਸੇਵਾਮੁਕਤ ਹੋਏ। ਇਸ ਤਰ੍ਹਾਂ ਡਾ. ਸ਼ਬਨਮਪ੍ਰੀਤ ਕੌਰ ਨੂੰ ਬਚਪਨ ਤੋਂ ਹੀ ਸਿੱਖਿਆ ਅਤੇ ਸਮਾਜ ਸੇਵਾ ਦੇ ਮਹੱਤਵ ਦੀ ਗਹਿਰੀ ਸਮਝ ਪ੍ਰਾਪਤ ਹੋਈ।

ਨਰਸਿੰਗ ਦੀ ਸਿੱਖਿਆ ਪੂਰੀ ਕਰਨ ਉਪਰੰਤ ਉਨ੍ਹਾਂ ਨੇ ਲਗਾਤਾਰ ਤਿੰਨ ਸਾਲ ਪੀ.ਜੀ.ਆਈ., ਐਮ.ਈ.ਆਰ. ਵਿੱਚ ਨਰਸਿੰਗ ਅਫਸਰ ਵਜੋਂ ਸੇਵਾ ਨਿਭਾਈ।

ਪਰਵਾਸ ਅਤੇ ਨਵੀਆਂ ਚੁਣੌਤੀਆਂ - ਵਿਆਹ ਤੋਂ ਬਾਅਦ ਦਸੰਬਰ 2018 ਵਿੱਚ ਡਾ. ਸ਼ਬਨਮਪ੍ਰੀਤ ਕੌਰ ਮੁਲਤਾਨੀ ਆਪਣੇ ਪਤੀ ਅਤੇ ਪਰਿਵਾਰ ਨਾਲ ਨਿਊਯਾਰਕ ਚਲੀ ਗਈ। ਇੱਕ ਨਵੇਂ ਦੇਸ਼ ਵਿੱਚ ਜਾ ਕੇ ਉਨ੍ਹਾਂ ਨੇ ਆਪਣੀ ਸਿੱਖਿਆ ਜਾਰੀ ਰੱਖੀ ਅਤੇ ਮਾਸਟਰ ਆਫ ਸਾਇੰਸ ਇਨ ਨਰਸਿੰਗ (MSN) ਦੀ ਡਿਗਰੀ ਹਾਸਲ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਡਾਕਟਰ ਆਫ ਨਰਸਿੰਗ ਪ੍ਰੈਕਟਿਸ (DNP) ਦੀ ਉੱਚ ਡਿਗਰੀ ਪ੍ਰਾਪਤ ਕੀਤੀ।

ਅੱਜ ਉਹ NYC Health + Hospitals ਅਧੀਨ South Brooklyn Health ਵਿੱਚ Deputy Director of Operations ਵਜੋਂ ਮਹੱਤਵਪੂਰਨ ਜ਼ਿੰਮੇਵਾਰੀ ਨਿਭਾ ਰਹੇ ਹਨ।

ਉਨ੍ਹਾਂ ਦੇ ਪਤੀ ਵੀ NYC Health + Hospitals ਵਿੱਚ Assistant Director of Finance ਦੇ ਅਹੁਦੇ 'ਤੇ ਸੇਵਾ ਨਿਭਾ ਰਹੇ ਹਨ। ਇਸ ਤਰ੍ਹਾਂ ਦੋਵੇਂ ਪਤੀ-ਪਤਨੀ ਆਪਣੇ ਪੇਸ਼ੇਵਰ ਜੀਵਨ ਰਾਹੀਂ ਲੋਕ-ਸੇਵਾ ਵਿੱਚ ਆਪਣਾ ਯੋਗਦਾਨ ਪਾ ਰਹੇ ਹਨ।

ਨਰਸਿੰਗ ਭਾਈਚਾਰੇ ਦੀ ਮਜਬੂਤ ਆਵਾਜ਼ - ਡਾ. ਸ਼ਬਨਮਪ੍ਰੀਤ ਕੌਰ ਮੁਲਤਾਨੀ ਦੀਆਂ ਉਪਲਬਧੀਆਂ ਸਿਰਫ ਉਨ੍ਹਾਂ ਦੇ ਪੇਸ਼ੇਵਰ ਅਹੁਦੇ ਤੱਕ ਸੀਮਿਤ ਨਹੀਂ ਹਨ। ਉਹ ਨਰਸਿੰਗ ਭਾਈਚਾਰੇ ਦੀ ਇੱਕ ਸਰਗਰਮ ਅਤੇ ਪ੍ਰਭਾਵਸ਼ਾਲੀ ਆਗੂ ਵਜੋਂ ਵੀ ਆਪਣੀ ਪਛਾਣ ਬਣਾ ਚੁੱਕੀ ਹੈ।

ਸਮਾਜ ਸੇਵਾ ਨੂੰ ਜੀਵਨ ਦਾ ਮਕਸਦ ਬਣਾਉਣਾ - ਡਾ. ਸ਼ਬਨਮਪ੍ਰੀਤ ਕੌਰ ਮੁਲਤਾਨੀ ਦੀ ਸਖਸੀਅਤ ਦਾ ਇੱਕ ਹੋਰ ਮਹੱਤਵਪੂਰਨ ਪੱਖ ਉਨ੍ਹਾਂ ਦੀ ਸਮਾਜ ਸੇਵਾ ਪ੍ਰਤੀ ਵਚਨਬੱਧਤਾ ਹੈ। ਪੇਸ਼ੇਵਰ ਰੁਝੇਵਿਆਂ ਦੇ ਬਾਵਜੂਦ ਉਹ ਆਪਣਾ ਕੀਮਤੀ ਸਮਾਂ ਸਮਾਜ ਭਲਾਈ, ਚੈਰੀਟੇਬਲ ਕਾਰਜਾਂ, ਸੱਭਿਆਚਾਰਕ ਵਿਰਾਸਤ ਦੀ ਸੰਭਾਲ ਅਤੇ ਵਿਦਿਅਕ ਉੱਨਤੀ ਲਈ ਸਮਰਪਿਤ ਕਰਦੀ ਹੈ।

ਮਹਿਲਾ ਸਸ਼ਕਤੀਕਰਨ, ਵਿਦਿਆਰਥੀਆਂ ਦੀ ਸਫਲਤਾ, ਸਿਹਤ ਸੇਵਾਵਾਂ ਤੱਕ ਪਹੁੰਚ, ਸਿੱਖਿਆ ਦੇ ਮੌਕੇ ਅਤੇ ਨੌਜਵਾਨਾਂ ਵਿੱਚ ਲੀਡਰਸ਼ਿਪ ਦੀ ਭਾਵਨਾ ਪੈਦਾ ਕਰਨਾ ਉਨ੍ਹਾਂ ਦੇ ਸਮਾਜਿਕ ਕਾਰਜਾਂ ਦੇ ਮੁੱਖ ਖੇਤਰ ਹਨ।

ਉਨ੍ਹਾਂ ਦਾ ਮੰਨਣਾ ਹੈ ਕਿ ਸਫਲਤਾ ਦਾ ਅਸਲ ਮਤਲਬ ਕੇਵਲ ਆਪਣੇ ਲਈ ਉੱਚਾਈਆਂ ਹਾਸਲ ਕਰਨਾ ਨਹੀਂ, ਸਗੋਂ ਦੂਜਿਆਂ ਲਈ ਰਸਤੇ ਖੋਲ੍ਹਣਾ ਅਤੇ ਆਉਣ ਵਾਲੀ ਪੀੜ੍ਹੀ ਨੂੰ ਅੱਗੇ ਵਧਣ ਲਈ ਪ੍ਰੇਰਿਤ ਕਰਨਾ ਹੈ।

ਸਨਮਾਨ ਅਤੇ ਪ੍ਰਸੰਸ਼ਾ - ਡਾ. ਸ਼ਬਨਮਪ੍ਰੀਤ ਕੌਰ ਮੁਲਤਾਨੀ ਦੀਆਂ ਪੇਸ਼ੇਵਰ ਅਤੇ ਸਮਾਜਿਕ ਸੇਵਾਵਾਂ ਨੂੰ ਵੱਖ-ਵੱਖ ਸਰਕਾਰੀ ਅਤੇ ਸਮਾਜਿਕ ਸੰਸਥਾਵਾਂ ਵੱਲੋਂ ਮਾਨਤਾ ਪ੍ਰਾਪਤ ਹੋਈ ਹੈ। ਉਨ੍ਹਾਂ ਨੂੰ New York State Assembly, Office of the New York City Public Advocate, New York City Hall ਅਤੇ ਹੋਰ ਕਈ ਸਰਕਾਰੀ ਅਧਿਕਾਰੀਆਂ ਅਤੇ ਭਾਈਚਾਰਕ ਸੰਸਥਾਵਾਂ ਵੱਲੋਂ ਉਨ੍ਹਾਂ ਦੀ ਲੀਡਰਸ਼ਿਪ ਅਤੇ ਸਮਾਜ ਸੇਵਾ ਲਈ ਪ੍ਰਸੰਸ਼ਾ ਪੱਤਰ ਅਤੇ ਸਨਮਾਨ ਪ੍ਰਾਪਤ ਹੋਏ ਹਨ।

ਪਿੰਡ ਬਾਕਰਪੁਰ ਦੀ ਮਿੱਟੀ ਤੋਂ ਉੱਠ ਕੇ ਪੀ.ਜੀ.ਆਈ. ਚੰਡੀਗੜ੍ਹ ਵਿੱਚ ਨਰਸਿੰਗ ਅਫਸਰ ਵਜੋਂ ਸੇਵਾ, ਫਿਰ ਅਮਰੀਕਾ ਵਿੱਚ ਉੱਚ ਸਿੱਖਿਆ ਪ੍ਰਾਪਤ ਕਰਕੇ ਡਾਕਟਰ ਆਫ ਨਰਸਿੰਗ ਪ੍ਰੈਕਟਿਸ ਬਣਨਾ ਅਤੇ ਅੱਜ ਨਿਊਯਾਰਕ ਦੀ ਇੱਕ ਪ੍ਰਮੁੱਖ ਸਿਹਤ ਸੰਸਥਾ ਵਿੱਚ ਡਿਪਟੀ ਡਾਇਰੈਕਟਰ ਆਫ ਓਪਰੇਸਨਜ਼ ਦੇ ਅਹੁਦੇ ਤੱਕ ਪਹੁੰਚਣਾ ਇਹ ਸਫਰ ਉਨ੍ਹਾਂ ਦੀ ਦ੍ਰਿੜ੍ਹਤਾ ਅਤੇ ਮਿਹਨਤ ਦਾ ਪ੍ਰਤੀਕ ਹੈ।

ਡਾ. ਸ਼ਬਨਮਪ੍ਰੀਤ ਕੌਰ ਮੁਲਤਾਨੀ ਦੀ ਉਪਲਬਧੀ ਸਿਰਫ ਇੱਕ ਵਿਅਕਤੀ ਦੀ ਸਫਲਤਾ ਨਹੀਂ, ਸਗੋਂ ਇਹ ਉਨ੍ਹਾਂ ਦੇ ਪਰਿਵਾਰ, ਉਨ੍ਹਾਂ ਦੇ ਪਿੰਡ, ਪੰਜਾਬ, ਲੁਬਾਣਾ ਸਿੱਖ ਭਾਈਚਾਰੇ ਅਤੇ ਸਮੁੱਚੇ ਭਾਰਤੀ ਭਾਈਚਾਰੇ ਲਈ ਮਾਣ ਦਾ ਵਿਸ਼ਾ ਹੈ।

ਡਾ. ਸ਼ਬਨਮਪ੍ਰੀਤ ਕੌਰ ਮੁਲਤਾਨੀ ਦੀ ਇਹ ਪ੍ਰੇਰਣਾਦਾਇਕ ਯਾਤਰਾ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਿੱਖਿਆ ਹਾਸਲ ਕਰਨ, ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਅਤੇ ਸਮਾਜ ਦੀ ਸੇਵਾ ਲਈ ਅੱਗੇ ਆਉਣ ਵਾਸਤੇ ਪ੍ਰੇਰਿਤ ਕਰਦੀ ਰਹੇ ਇਹੀ ਉਨ੍ਹਾਂ ਦੀ ਸਭ ਤੋਂ ਵੱਡੀ ਉਪਲੱਬਧੀ ਹੈ।

• • •

ਨੀਅਤ ਸਾਫ਼ ਤੇ ਮਕਸਦ ਸਹੀ ਹੋਵੇ ਤਾਂ ਪ੍ਰਮਾਤਮਾ ਕਿਸੇ ਨਾ ਕਿਸੇ ਰੂਪ ਵਿਚ ਤੁਹਾਡੀ ਮੱਦਦ ਕਰਦਾ ਹੈ।

ਵਿਸਰ ਰਹੀਆਂ ਖੇਡਾਂ

ਮਨੁੱਖ ਦੀ ਜ਼ਿੰਦਗੀ ਦੇ ਤਿੰਨ ਅਹਿਮ ਪੜਾਅ ਹੁੰਦੇ ਹਨ-ਬਚਪਨ, ਜਵਾਨੀ ਅਤੇ ਬੁਢਾਪਾ। ਇਨ੍ਹਾਂ ਤਿੰਨਾਂ ਵਿਚੋਂ ਜੋ ਅਹਿਮ ਪੜਾਅ ਮਨੁੱਖੀ ਜ਼ਿੰਦਗੀ ਵਿਚ ਆਉਂਦਾ ਹੈ ਉਹ ਹੈ ਬਚਪਨ। ਜੀਵਨ ਦੇ ਇਸ ਪੜਾਅ ਦੀਆਂ ਖੱਟੀਆਂ-ਮਿੱਠੀਆਂ ਘਟਨਾਵਾਂ ਇਨਸਾਨ ਨੂੰ ਪੂਰੀ ਜ਼ਿੰਦਗੀ ਯਾਦ ਰਹਿੰਦੀਆਂ ਹਨ ਅਤੇ ਉਸ ਦੁਆਰਾ ਖੇਡੀਆਂ ਖੇਡਾਂ ਵੀ ਉਸ ਨੂੰ ਭੁਲਾਇਆਂ ਨਹੀਂ ਭੁੱਲਦੀਆਂ। ਪਹਿਲਾਂ ਬੱਚੇ ਛੂਹਣ-ਛੁਹਾਈ, ਕੋਟਲਾ ਛਪਾਕੀ, ਬਾਂਦਰ-ਕੀਲਾ, ਜੰਜ਼ੀਰ-ਛੂਹ, ਲੁਕਣ-ਮੀਚੀ, ਚੰਬਾ, ਭੰਡਾ ਭੰਡਾਰੀਆ, ਪਿੱਠੂ ਕਾਇਮ, ਊਚ-ਨੀਚ, ਖਿੱਦੋ-ਖੂੰਡੀ, ਅੱਡੀ ਜਮਾਈ, ਗੇਂਦ ਠੀਕਰੀਆਂ, ਖਿੱਦੂ ਕੁੱਟ, ਕਾਨਾ ਘੋੜੀ, ਸ਼ੱਕਰ ਭੁੱਜੀ, ਜੰਗ ਪਲੰਗਾ ਆਦਿ ਵਰਗੀਆਂ ਰਵਾਇਤੀ ਖੇਡਾਂ ਖੇਡ ਕੇ ਆਪਣਾ ਦਿਲ-ਪ੍ਰਚਾਵਾ ਕਰਦੇ ਸਨ। ਇਨ੍ਹਾਂ ਵਿਚੋਂ ਕਈ ਖੇਡਾਂ ਖੇਡਣ ਤੋਂ ਪਹਿਲਾਂ ਵਾਰੀ ਮਿੱਥੀ ਜਾਂਦੀ ਸੀ। ਵਾਰੀ ਮਿੱਥਣ ਲਈ ਬੱਚੇ ਪੁੱਗਦੇ ਸਨ ਅਤੇ ਜੋ ਬੱਚਾ ਆਖਰ ਵਿਚ ਪੁੱਗਣੋਂ ਰਹਿ ਜਾਂਦਾ ਸੀ ਉਸ ਬੱਚੇ ਸਿਰ ਵਾਰੀ ਆ ਜਾਂਦੀ। ਖੁੱਲ੍ਹੇ ਆਸਮਾਨ ਹੇਠ ਖੇਡੀਆਂ ਜਾਣ ਵਾਲੀਆਂ ਰਵਾਇਤੀ ਖੇਡਾਂ ਜਿਥੇ ਬੱਚੇ ਦਾ ਮਨੋਰੰਜਨ ਕਰਦੀਆਂ ਸਨ ਉਥੇ ਉਸ ਦਾ ਸਰੀਰਕ ਤੇਮਾਨਸਿਕ ਵਿਕਾਸ ਵੀ ਕਰਦੀਆਂ ਸਨ। ਇਹ ਖੇਡਾਂ ਬੱਚੇ ਨੂੰ ਚੁਸਤ-ਫੁਰਤ ਅਤੇ ਅਰੋਗ ਰੱਖਣ ਵਿਚ ਵੀ ਸਹਾਈ ਹੁੰਦੀਆਂ ਸਨ ਕਿਉਂਕਿ ਇਨ੍ਹਾਂ ਖੇਡਾਂ ਨਾਲ ਬੱਚੇ ਦੀ ਚੰਗੀ ਸਰੀਰਕ ਕਸਰਤ ਹੋ ਜਾਂਦੀ ਸੀ।

Er. Baljit Singh
Bhagtana Dy.C.E.
Vice President
BMSLF Chd.
96461-00529



ਬਦਲੇ ਸਮੇਂ ਦੇ ਨਾਲ ਜਿਥੇ ਹਰ ਖੇਤਰ ਵਿਚ ਤਬਦੀਲੀ ਆਈ ਹੈ, ਉਥੇ ਇਸ ਵਿਗਿਆਨ ਤੇ ਕੰਪਿਊਟਰ ਦੇ ਯੁੱਗ ਨੇ ਬੱਚਿਆਂ ਦੀਆਂ ਖੇਡਾਂ ਅਤੇ ਉਨ੍ਹਾਂ ਦੇ ਮਨੋਰੰਜਨ ਦੇ ਸਾਧਨ ਵੀ ਬਦਲ ਦਿੱਤੇ ਹਨ। 'ਭੰਡਾ ਭੰਡਾਰੀਆ ਕਿੰਨਾ ਕੁ ਭਾਰ, ਇਕ ਮੁੱਠੀ ਚੁੱਕ ਲੈ ਦੂਜੀ ਤਿਆਰ' ਦੀਆਂ ਆਵਾਜ਼ਾਂ ਪੁਰਾਤਨ ਸਮਿਆਂ ਵਿਚ ਗੂੰਜਿਆ ਕਰਦੀਆਂ ਸਨ। ਸ਼ਾਇਦ ਹੀਹੁਣ ਕਿਸੇ ਬੱਚੇ ਨੂੰ ਪਤਾ ਹੋਵੇਗਾ ਕਿ 'ਬਾਬਾ ਤੇਰੀਆਂ ਊਚਾਂ ਉੱਤੇ' ਦਾ ਕੀ ਅਰਥ ਹੈ ਅਤੇ ਇਹ ਸ਼ਬਦ ਕਿਹੜੀ ਖੇਡ ਵਿਚ ਕਦੋਂ ਵਰਤੇ ਜਾਂਦੇ ਸਨ। ਪਰ ਹੁਣ ਇਹ ਸਭ ਕੁਝ ਅਲੋਪ ਹੋ ਚੁੱਕਾ ਹੈ। ਹੁਣ ਬੱਚੇ ਇਨ੍ਹਾਂ ਖੇਡਾਂ ਨੂੰ ਛੱਡ ਕੇ ਬੰਦ ਕਮਰੇ ਵਾਲੀਆਂ ਖੇਡਾਂ ਖੇਡਣੀਆਂ ਜ਼ਿਆਦਾ ਪਸੰਦ ਕਰਦੇ ਹਨ ਕਿਉਂਕਿ ਬੱਚੇ ਸਵੇਰੇ ਸਵੇਰੇ ਹੀ ਸਕੂਲਾਂ ਨੂੰ ਚਲੇ ਜਾਂਦੇ ਹਨ। ਦੁਪਹਿਰ ਤੋਂ ਬਾਅਦ ਬੱਚੇ ਘਰ ਵਾਪਸ ਆਉਂਦੇ ਹਨ, ਥੋੜ੍ਹਾ ਚਿਰ ਆਰਾਮ ਕਰਦੇ ਹਨ, ਫਿਰ ਹੋਮ-ਵਰਕ ਕਰਨ ਲੱਗ ਪੈਂਦੇ ਹਨ। ਕੰਪਿਊਟਰ ਗੇਮਾਂ ਅਤੇ ਵੀਡੀਓ ਗੇਮਾਂ ਨੂੰ ਇਨ੍ਹਾਂ ਰਵਾਇਤੀ ਖੇਡਾਂ ਦੀ ਮਹੱਤਤਾ ਅਤੇ ਗੁਣਾਂ ਨੂੰ ਢੱਕ ਲਿਆ ਹੈ, ਅੱਜ ਦੇ ਬੱਚੇ ਨੂੰ ਇਨ੍ਹਾਂ ਰਵਾਇਤੀ ਖੇਡਾਂ ਦਾ ਨਜ਼ਾਰਾ ਮਾਨਣਾ ਨਸੀਬ ਨਹੀਂ ਹੋ ਰਿਹਾ।

ਰਵਾਇਤੀ ਖੇਡਾਂ ਖਤਮ ਹੋਣ ਦੇ ਕਈ ਕਾਰਨ ਹਨ, ਜਿਵੇਂ ਪੱਛਮੀ ਸੱਭਿਆਚਾਰ ਦਾ ਪ੍ਰਭਾਵ ਪੈਣ ਕਾਰਨ ਬੱਚਿਆਂ ਅੰਦਰ ਫੈਸ਼ਨ ਪ੍ਰਤੀ ਉਤਸ਼ਾਹ ਵਧਿਆ ਹੈ। ਫੈਸ਼ਨ ਕਰਕੇ ਆਪਣੀ ਦਿੱਖ ਨੂੰ ਸੋਹਣਾ ਬਣਾਉਣਾ ਚਾਹੁੰਦੇ ਹਨ ਅਤੇ ਆਪਣੇ ਸਰੀਰ ਨੂੰ ਪਤਲਾ ਅਤੇ ਚੁਸਤ ਬਣਾਉਣਾ ਚਾਹੁੰਦੇ ਹਨ ਅਤੇ ਖਾਣ-ਪੀਣ ਵਿਚ ਵੀ ਹਲਕੀਆਂ ਚੀਜ਼ਾਂ ਦੀ ਵਰਤੋਂ ਕਰਦੇ ਹਨ। ਬੱਚਿਆਂ ਵਿਚ ਇਕੱਠਿਆਂ ਰਹਿ ਕੇ ਖੇਡਣ ਦੀ ਆਦਤ ਵੀ ਬਦਲ ਗਈ ਹੈ ਕਿਉਂਕਿ ਬੱਚਾ ਇਕੱਲਾ ਕਮਰੇ ਅੰਦਰ ਗੇਮਾਂ ਖੇਡਣੀਆਂ ਪਸੰਦ ਕਰਦਾ ਹੈ। ਮਾਵਾਂ ਦੀ ਸੋਚ ਵੀ ਬਦਲੀ ਹੈ। ਉਹ ਚਾਹੁੰਦੀਆਂ ਹਨਕਿ ਉਸ ਦਾ ਬੱਚਾ ਮਿੱਟੀ-ਘੱਟੇ ਵਾਲੀਆਂ ਖੇਡਾਂ ਨਾ ਖੇਡੇ। ਉਨ੍ਹਾਂ ਅੰਦਰ ਸਾਫ-ਸੁਥਰੇ ਰਹਿਣ ਦੀ ਬਿਰਤੀ ਆ ਗਈ ਹੈ ਅਤੇ ਪਿੰਡਾਂ ਵਿਚ ਖੇਡ ਮੈਦਾਨ ਦੀ ਕਮੀ ਵੀ ਆ ਗਈ ਹੈ ਕਿਉਂਕਿ ਪਹਿਲਾਂ ਖੁੱਲ੍ਹੇ ਥਾਵਾਂ ਉੱਪਰ ਬੱਚੇ ਅਕਸਰ ਆਪਣੀਆਂ ਖੇਡਾਂ ਖੇਡਿਆ ਕਰਦੇ ਸਨ। ਇਨ੍ਹਾਂ ਕੰਪਿਊਟਰ ਗੇਮਾਂ ਅਤੇ ਟੀ.ਵੀ. ਕਾਰਨ ਬੱਚਿਆਂ ਦੀਆਂ ਨਜ਼ਰਾਂ ਉੱਪਰ ਮਾੜਾ ਅਸਰ ਪੈ ਰਿਹਾ ਹੈ। ਇਨ੍ਹਾਂ ਨੂੰ ਛੋਟੀ ਉਮਰ ਵਿਚ ਹੀ ਐਨਕਾਂ ਲੱਗ ਰਹੀਆਂ ਹਨ। ਜਿਸ ਕਾਰਨ ਦਿਮਾਗ ਤੇ ਬੋਝ ਵਧ ਰਿਹਾ ਹੈ। ਬੱਚਾ ਸਰੀਰਕ ਤੌਰ 'ਤੇ ਕਮਜ਼ੋਰ ਹੁੰਦਾ ਜਾ ਰਿਹਾ ਹੈ ਅਤੇ ਉਸ ਦੀ ਯਾਦ ਸ਼ਕਤੀ ਵੀ ਕਮਜ਼ੋਰ ਹੁੰਦੀ ਜਾ ਰਹੀ ਹੈ।

ਹੁਣ ਤਾਂ ਮਾਪੇ ਆਪਣੇ ਬੱਚਿਆਂ ਨੂੰ ਪੜ੍ਹਾਈ ਵਿਚ ਹੁਸ਼ਿਆਰ ਬਣਾਉਣ ਲਈ ਲੱਗੇ ਹੋਏ ਹਨ। ਅਸੀਂ ਬੱਚੇ ਦੀ ਜ਼ਿੰਦਗੀ ਨੂੰ ਏਨੀ ਰੁਝੇਵਿਆਂ ਭਰੀ ਬਣਾ ਦਿੱਤਾ ਹੈ ਕਿ ਉਸ ਕੋਲ ਇਨ੍ਹਾਂ ਖੇਡਾਂ ਬਾਰੇ ਸੋਚਣ ਤੱਕ ਦਾ ਵੀ ਸਮਾਂ ਨਹੀਂ, ਖੇਡਣਾ ਤਾਂ ਇਕ ਪਾਸੇ ਰਿਹਾ। ਸ਼ਾਮ ਵੇਲੇ ਬੱਚਿਆਂ ਨੂੰ ਸੌਣ ਤੋਂ ਪਹਿਲਾਂ ਦਾਦੀ ਜਾਂ ਨਾਨੀ 'ਬਾਤਾਂ' ਸੁਣਾਇਆ ਕਰਦੀਆਂ ਸਨ। ਇਹ ਬਾਤਾਂ ਸਿੱਖਿਆ ਅਤੇ ਮਨੋਰੰਜਨ ਨਾਲ ਭਰਪੂਰ ਹੁੰਦੀਆਂ ਸਨ ਪਰ ਹੁਣ ਇਹ ਬਾਤਾਂ ਵੀ ਅਲੋਪ ਹੋ ਚੁੱਕੀਆਂ ਹਨ। ਇਸ ਤਰ੍ਹਾਂ ਅਸੀਂ ਅੱਗਾ ਦੌੜ ਤੇ ਪਿੱਛਾ ਚੌੜ ਵਾਲੀ ਕਹਾਵਤ ਅਨੁਸਾਰ ਜਿਥੇ ਸਮੇਂ ਦੀ ਤਬਦੀਲੀ ਨਾਲ ਬੱਚਿਆਂ ਦੇ ਮਨੋਰੰਜਨ ਦੇ ਸਾਧਨ ਅਤੇ ਖੇਡਾਂ ਨੂੰ ਬਦਲ ਦਿੱਤਾ ਹੈ ਉਥੇ ਆਪਣੇ ਸੱਭਿਆਚਾਰ ਦੇ ਇਕ ਅਹਿਮ ਅੰਗ ਨੂੰ ਆਪ ਹੀ ਨਕਾਰਾ ਕਰਕੇ ਰੱਖ ਦਿੱਤਾ ਹੈ। ਬੱਚਿਆਂ ਨੂੰ ਫਿਰ ਤੋਂ ਖੁੱਲ੍ਹੇ ਆਸਮਾਨ ਹੇਠ ਖੇਡੀਆਂ ਜਾਣ ਵਾਲੀਆਂ ਖੇਡਾਂ ਵੱਲ ਪ੍ਰੇਰਤ ਕਰੀਏ ਤਾਂ ਜੋ ਉਹ ਵਿੱਸਰ ਰਹੀਆਂ ਖੇਡਾਂ ਨੂੰ ਦੁਬਾਰਾ ਅਪਣਾ ਕੇ ਆਪਣੇ ਬਚਪਨ ਨੂੰ ਖੁਸ਼ੀਆਂ ਖੇੜਿਆਂ ਨਾਲ ਭਰ ਸਕਣ।

ਸੱਚਮੁੱਚ ਹੀ ਇਹ ਸੀ ਭਵਿੱਖ ਦੀਆਂ ਅਹਿਮ ਸ਼ਖ਼ਸੀਅਤ ਘੜਨ ਵਾਲੀ ਟਕਸਾਲ

ਸੰਤ ਪ੍ਰੇਮ ਸਿੰਘ ਖਾਲਸਾ ਹਾਈ ਸਕੂਲ, ਬੇਗੋਵਾਲ ਦੀਆਂ ਯਾਦਾਂ

ਜੀਵਨ ਦੇ ਵਿਅਸਤ ਸਫਰ ਵਿੱਚ ਜਦੋਂ ਕਦੇ ਕੁਝ ਪਲਾਂ ਦੀ ਫੁਰਸਤ ਮਿਲਦੀ ਹੈ ਤਾਂ ਮਨ ਆਪਣੇ ਬਚਪਨ ਅਤੇ ਵਿਦਿਆਰਥੀ ਜੀਵਨ ਦੀਆਂ ਮਿੱਠੀਆਂ ਯਾਦਾਂ ਵੱਲ ਪਰਤ ਜਾਂਦਾ ਹੈ। ਅਜਿਹੇ ਹੀ ਇੱਕ ਪਲ ਵਿੱਚ ਸੰਤ ਪ੍ਰੇਮ ਸਿੰਘ ਖਾਲਸਾ ਹਾਈ ਸਕੂਲ, ਬੇਗੋਵਾਲ ਦੀ ਯਾਦ ਮਨ ਵਿੱਚ ਤਾਜ਼ਾ ਹੋਈ। ਇਹ ਕੇਵਲ ਇੱਕ ਸਕੂਲ ਨਹੀਂ ਸੀ, ਸਗੋਂ ਇੱਕ ਅਜਿਹੀ ਟਕਸਾਲ ਸੀ ਜਿਸ ਨੇ ਹਜ਼ਾਰਾਂ ਵਿਦਿਆਰਥੀਆਂ ਦੀ ਸ਼ਖ਼ਸੀਅਤ ਨੂੰ ਘੜਿਆ ਅਤੇ



ਉਨ੍ਹਾਂ ਦੇ ਜੀਵਨ ਨੂੰ ਸਹੀ ਦਿਸ਼ਾ ਬਖ਼ਸ਼ੀ।

ਮੈਨੂੰ ਮਾਣ ਹੈ ਕਿ ਮੈਂ ਸਾਲ 1964 ਤੋਂ 1970 ਤੱਕ ਪੰਜਵੀਂ ਤੋਂ ਦਸਵੀਂ ਜਮਾਤ ਤੱਕ ਇਸ ਸਕੂਲ ਦਾ ਵਿਦਿਆਰਥੀ ਰਿਹਾ। ਅੱਜ ਵੀ ਜਦੋਂ ਉਸ ਸਮੇਂ ਨੂੰ ਯਾਦ ਕਰਦਾ ਹਾਂ ਤਾਂ ਆਪਣੇ ਅਧਿਆਪਕਾਂ ਪ੍ਰਤੀ ਮਨ ਸ਼ਰਧਾ ਅਤੇ ਅਹਿਸਾਨਮੰਦੀ ਨਾਲ ਭਰ ਜਾਂਦਾ ਹੈ।

ਸਾਡੇ ਹੈੱਡਮਾਸਟਰ ਸਤਿਕਾਰਯੋਗ ਬਾਵਾ ਨਰਿੰਜਨ ਸਿੰਘ ਜੀ ਦੀ ਦੂਰਅੰਦੇਸ਼ੀ, ਅਨੁਸਾਸ਼ਨ ਅਤੇ ਸਨੇਹ ਭਰੀ



ਅਗਵਾਈ ਸਕੂਲ ਦੀ ਸਭ ਤੋਂ ਵੱਡੀ ਤਾਕਤ ਸੀ। ਉਨ੍ਹਾਂ ਦੇ ਨਾਲ ਸ੍ਰ. ਸਮਿੱਤਰ ਸਿੰਘ, ਸ਼ਿਵਦੇਵ ਸਿੰਘ, ਮਨਮੋਹਨ ਸਿੰਘ, ਅਮਰ ਸਿੰਘ, ਗਿਆਨੀ ਮਾਨ ਸਿੰਘ, ਗੁਰਬਚਨ ਸਿੰਘ, ਦਲੀਪ ਸਿੰਘ, ਸਰੂਪ ਸਿੰਘ ਮਸਤਾਨਾ, ਬਾਬੂ ਪ੍ਰਤਾਪ ਸਿੰਘ, ਹਰਭਜਨ ਸਿੰਘ, ਵੀਰ ਕੌਰ, ਰਵੇਲ ਕੌਰ, ਸੰਗਤ ਸਿੰਘ, ਸਰਦਾਰ ਸਿੰਘ, ਮਹਿਲ ਸਿੰਘ, ਬਿਕਰਮਜੀਤ ਸਿੰਘ ਅਤੇ ਕਰਨੈਲ ਸਿੰਘ (ਪੀ.ਟੀ. ਮਾਸਟਰ), ਬੂੜ ਸਿੰਘ (ਕਲਰਕ) ਅਤੇ ਚੇਤ ਸਿੰਘ (ਸੇਵਾਦਾਰ) ਵਰਗੇ ਸਮਰਪਿਤ ਸਾਥੀਆਂ ਨੇ ਸਕੂਲ ਨੂੰ ਇੱਕ ਪਰਿਵਾਰ ਦਾ ਰੂਪ ਦੇ ਦਿੱਤਾ ਸੀ।

ਸਾਡੇ ਲਈ ਅਧਿਆਪਕ ਸਿਰਫ ਪੜ੍ਹਾਉਣ ਵਾਲੇ ਨਹੀਂ ਸਨ, ਸਗੋਂ ਜੀਵਨ ਜਿਊਣ ਦੀ ਜਾਚ ਸਿਖਾਉਣ ਵਾਲੇ ਮਾਰਗ ਦਰਸ਼ਕ ਸਨ। ਉਨ੍ਹਾਂ ਦੇ ਚਰਿੱਤਰ, ਸਾਦਗੀ ਅਤੇ ਸਮਰਪਣ ਨੇ ਸਾਡੇ ਮਨਾਂ 'ਤੇ ਅਜਿਹਾ ਪ੍ਰਭਾਵ ਛੱਡਿਆ ਕਿ ਉਹ ਸਾਡੇ ਜੀਵਨ ਦੇ ਪਹਿਲੇ ਆਦਰਸ਼ ਬਣ ਗਏ।

ਹਰ ਸਵੇਰ ਸਕੂਲ ਦਾ ਦਿਨ ਪਰੇਡ, ਰਾਸ਼ਟਰੀ ਗੀਤ, ਸ਼ਬਦ-ਕੀਰਤਨ, ਅਰਦਾਸ ਅਤੇ ਹੈੱਡਮਾਸਟਰ ਸਾਹਿਬ ਦੇ ਸੰਬੋਧਨ ਨਾਲ ਸ਼ੁਰੂ ਹੁੰਦਾ ਸੀ। ਇਸ ਨਾਲ ਅਨੁਸ਼ਾਸਨ, ਦੇਸ਼-ਪ੍ਰੇਮ, ਆਧਿਆਤਮਿਕਤਾ ਅਤੇ ਚੰਗੇ ਸੰਸਕਾਰਾਂ ਦੀ ਨੀਂਹ ਮਜਬੂਤ ਹੁੰਦੀ ਸੀ। ਅੱਜ ਵੀ ਉਹ ਪ੍ਰਾਰਥਨਾਵਾਂ ਕੰਨਾਂ ਵਿੱਚ ਗੂੰਜਦੀਆਂ ਹਨ –

"ਐਸੀ ਲਾਲ ਤੁਝ ਬਿਨ ਕਉਨ ਕਰੇ..."

"ਦੇਹ ਸ਼ਿਵਾ ਬਰੁ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂੰ ਨ ਟਰੌਂ।"

ਇਹ ਸ਼ਬਦ ਕੇਵਲ ਗਾਏ ਨਹੀਂ ਜਾਂਦੇ ਸਨ, ਸਗੋਂ ਜੀਵਨ ਵਿੱਚ ਉਤਾਰੇ ਵੀ ਜਾਂਦੇ ਸਨ।

ਸਕੂਲ ਵਿੱਚ ਪੜ੍ਹਾਈ ਦੇ ਨਾਲ-ਨਾਲ ਖੇਡਾਂ ਨੂੰ ਵੀ ਬਰਾਬਰ ਮਹੱਤਵ ਦਿੱਤਾ ਜਾਂਦਾ ਸੀ। ਕਬੱਡੀ ਦੀ ਟੀਮ ਸੂਬੇ ਦੀਆਂ ਸਰਵੋਤਮ ਟੀਮਾਂ ਵਿੱਚ ਗਿਣੀ ਜਾਂਦੀ ਸੀ ਅਤੇ ਇੱਥੋਂ ਕਈ ਖਿਡਾਰੀ ਰਾਸ਼ਟਰੀ ਪੱਧਰ ਤੱਕ ਪਹੁੰਚੇ। ਹਾਕੀ, ਫੁੱਟਬਾਲ, ਵਾਲੀਬਾਲ, ਖੋ-ਖੋ ਅਤੇ ਅਥਲੈਟਿਕਸ ਵਰਗੀਆਂ ਖੇਡਾਂ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਦਾ ਅਹਿਮ ਹਿੱਸਾ ਸਨ।

ਹਰ ਸਾਲ ਮਨਾਇਆ ਜਾਣ ਵਾਲਾ ਸਲਾਨਾ ਸਮਾਗਮ ਪੂਰੇ ਇਲਾਕੇ ਲਈ ਖਿੱਚ ਦਾ ਕੇਂਦਰ ਬਣਦਾ ਸੀ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਰਤਨ ਅਤੇ ਵੱਖ-ਵੱਖ ਖੇਤਰਾਂ ਦੀਆਂ ਪ੍ਰਸਿੱਧ ਸ਼ਖ਼ਸੀਅਤਾਂ ਦੇ ਪ੍ਰੇਰਣਾਦਾਇਕ ਸੰਬੋਧਨ ਵਿਦਿਆਰਥੀਆਂ ਵਿੱਚ ਨਵਾਂ ਜੋਸ਼ ਭਰ ਦਿੰਦੇ ਸਨ। ਇਹ ਸਭ ਬਾਵਾ ਨਰਿੰਜਨ ਸਿੰਘ ਜੀ ਦੀ ਦੂਰਦਰਸ਼ੀ ਯੋਜਨਾਬੰਦੀ ਅਤੇ ਸਮੁੱਚੇ ਸਟਾਫ ਦੇ ਸਾਂਝੇ ਯਤਨਾਂ ਦਾ ਨਤੀਜਾ ਸੀ।

ਉਸ ਵੇਲੇ ਸਕੂਲ ਵਿੱਚ ਲਗਭਗ ਗਿਆਰਾਂ ਸੌ ਵਿਦਿਆਰਥੀ ਪੜ੍ਹਦੇ ਸਨ। ਸਕੂਲ ਦੀ ਸੁੰਦਰ ਇਮਾਰਤ ਦੇ ਕਮਰਿਆਂ ਤੋਂ ਇਲਾਵਾ ਮੌਸਮ ਮੁਤਾਬਿਕ ਕਲਾਸਾਂ ਸਕੂਲ ਦੀ ਵੱਡੀ ਗਰਾਉਂਡ ਵਿਚ ਵੀ ਲੱਗਦੀਆਂ ਸਨ, ਜੋ ਸ਼ਾਂਤੀ ਨਿਕੇਤਨ ਦੇ ਨਜ਼ਾਰੇ ਦਾ ਭੁਲੇਖਾ ਪਾਉਂਦੀਆਂ। ਇਸ ਟਕਸਾਲ ਨੇ ਅਨੇਕਾਂ ਵਿਦਿਆਰਥੀਆਂ ਨੂੰ ਡਿਫੈਂਸ, ਸਿਵਲ ਸਰਵਿਸਿਜ਼, ਸਿੱਖਿਆ, ਖੇਡਾਂ ਅਤੇ ਹੋਰ ਅਨੇਕ ਖੇਤਰਾਂ ਵਿੱਚ ਉੱਚੇ ਅਹੁਦਿਆਂ ਤੱਕ ਪਹੁੰਚਾਇਆ। ਪਰ ਇਸ ਤੋਂ ਵੀ ਵੱਡੀ ਪ੍ਰਾਪਤੀ ਇਹ ਸੀ ਕਿ ਉਹ ਉੱਚੇ ਅਹੁਦਿਆਂ 'ਤੇ ਪਹੁੰਚ ਕੇ ਵੀ ਨਿਮਰਤਾ ਅਤੇ ਮਨੁੱਖੀ ਕਦਰਾਂ ਨਾਲ ਜੁੜੇ ਰਹੇ। ਇਹੀ ਇਸ ਸਕੂਲ ਦੀ ਅਸਲ ਸਫਲਤਾ ਸੀ।

ਗਿਆਨੀ ਮਾਨ ਸਿੰਘ ਜੀ ਵੱਲੋਂ ਪੜ੍ਹਾਈ ਇੱਕ ਕਵਿਤਾ ਅੱਜ ਵੀ ਜੀਵਨ ਦਾ ਮਾਰਗ ਦਰਸ਼ਨ ਕਰਦੀ ਹੈ –

ਜੋ ਜਾਗਣ ਮਾਰਨ ਮੰਜ਼ਿਲਾਂ, ਅਗਾਂਹ ਵਧਾ ਕੇ ਪੈਰ।
ਜੋ ਸੁੱਤੇ ਰਹੇ ਸੋ ਰਹਿ ਗਏ, ਨਹੀਂ ਪੈਂਦੀ ਉਹਨਾਂ ਨੂੰ ਖੈਰ।

ਬਾਵਾ ਨਰਿੰਜਨ ਸਿੰਘ ਜੀ ਆਪ ਨੌਵੀਂ ਅਤੇ ਦਸਵੀਂ ਜਮਾਤ ਨੂੰ ਗਣਿਤ ਪੜ੍ਹਾਉਂਦੇ ਸਨ। ਉਨ੍ਹਾਂ ਦਾ ਪੜ੍ਹਾਉਣ ਦਾ ਢੰਗ ਇੰਨਾ ਸਰਲ ਅਤੇ ਪ੍ਰਭਾਵਸ਼ਾਲੀ ਸੀ ਕਿ ਔਖੇ ਤੋਂ ਔਖੇ ਸਵਾਲ ਵੀ ਆਸਾਨ ਲੱਗਣ ਲੱਗ ਪੈਂਦੇ ਸਨ। ਬਾਵਾ ਜੀ ਦਾ ਸਕੂਲ ਅਨੁਸਾਸ਼ਨ ਪ੍ਰਤੀ ਗੰਭੀਰਤਾ ਦਾ ਇਹ ਆਲਮ ਸੀ ਕਿ ਸਕੂਲ ਦੇ ਸੇਵਾਦਾਰ ਬਾਬਾ ਚੇਤ ਸਿੰਘ ਦੇ ਹੱਥ ਬਾਵਾ ਜੀ ਦਾ ਬੈਗ ਸਕੂਲ ਵਿਚ ਪਹੁੰਚ ਜਾਣ ਤੇ ਹੀ ਪੂਰੇ ਸਕੂਲ ਵਿਚ ਚੁਪ ਛਾਅ ਜਾਣੀ ਅਤੇ ਸਾਰੇ ਪਾਸੇ ਗੰਭੀਰ ਅਨੁਸਾਸ਼ਨ ਛਾ ਜਾਣਾ। ਉਸ ਸਮੇਂ ਭਾਵੇਂ ਮਾਪੇ-ਅਧਿਆਪਕ ਮੀਟਿੰਗਾਂ ਨਹੀਂ ਹੁੰਦੀਆਂ ਸਨ, ਪਰ ਉਹ ਵਿਦਿਆਰਥੀਆਂ ਤੋਂ ਨਿਯਮਿਤ ਫੀਡਬੈਕ ਲੈ ਕੇ ਅਧਿਆਪਨ ਵਿੱਚ ਲੋੜੀਂਦੇ ਸੁਧਾਰ ਕਰਦੇ ਰਹਿੰਦੇ ਸਨ। ਇਹ ਉਨ੍ਹਾਂ ਦੀ ਅਗਾਂਹ ਵਧੂ ਸੋਚ ਦਾ ਪ੍ਰਤੀਕ ਸੀ। ਅੱਜ ਜਦੋਂ ਪਿੱਛੇ ਮੁੜ ਕੇ ਵੇਖਦਾ ਹਾਂ ਤਾਂ ਮਹਿਸੂਸ ਹੁੰਦਾ ਹੈ ਕਿ ਸੰਤ ਪ੍ਰੇਮ ਸਿੰਘ ਜੀ ਵੱਲੋਂ ਸਥਾਪਿਤ ਇਹ ਸਕੂਲ ਸੱਚਮੁੱਚ ਇੱਕ ਟਕਸਾਲ ਸੀ, ਜਿੱਥੇ ਕੇਵਲ ਵਿਦਿਆ ਹੀ ਨਹੀਂ, ਸਗੋਂ ਚਰਿੱਤਰ, ਅਨੁਸਾਸ਼ਨ, ਸੇਵਾ, ਨਿਮਰਤਾ ਅਤੇ ਦੇਸ-ਪ੍ਰੇਮ ਵੀ ਸਿਖਾਇਆ ਜਾਂਦਾ ਸੀ।

ਅਸੀਂ ਸੰਤ ਪ੍ਰੇਮ ਸਿੰਘ ਜੀ, ਬਾਵਾ ਨਰਿੰਜਨ ਸਿੰਘ ਜੀ ਅਤੇ ਸਮੂਹ ਅਧਿਆਪਕ ਵਰਗ ਦੇ ਸਦਾ ਰਿਣੀ ਰਹਾਂਗੇ, ਜਿਨ੍ਹਾਂ ਨੇ ਸਾਡੀ ਸ਼ਖ਼ਸੀਅਤ ਨੂੰ ਇਸ ਤਰ੍ਹਾਂ ਘੜਿਆ ਕਿ ਜੀਵਨ ਦੇ ਹਰ ਖੇਤਰ ਵਿੱਚ ਸਫਲਤਾ ਦਾ ਰਾਹ ਸੁਗਮ ਹੋ ਗਿਆ। ਉਨ੍ਹਾਂ ਦੀ ਦਿੱਤੀ ਸਿੱਖਿਆ ਅਤੇ ਸੰਸਕਾਰ ਅੱਜ ਵੀ ਸਾਡੇ ਜੀਵਨ ਦੀ ਸਭ ਤੋਂ ਅਮੋਲ ਧਰੋਹਰ ਹਨ।

ਇੰਜ. ਕਰਨੈਲ ਸਿੰਘ
ਸਰਟੀਫਾਇਡ ਪਰੋਫੈਸ਼ਨਲ ਇੰਜੀਨੀਅਰ
ਮੋਬਾ. 9646346088

ਚਰਖਾ

ਜਰਨੈਲ ਸਿੰਘ ਮੱਖਣ
ਫ਼ੋਨ - 94174-03359

ਓਥੇ ਲੈ ਚੱਲ ਚਰਖਾ ਮੇਰਾ, ਜਿੱਥੇ ਤੇਰੇ ਹਲ ਵਗਦੇ।

.....

ਜੋਗੀ ਉਤਰ ਪਹਾੜੋਂ ਆਏ, ਚਰਖੇ ਦੀ ਘੂਕ ਸੁਣ ਕੇ।

ਬਹੁਤਾ ਸਮਾਂ ਨਹੀਂ ਹੋਇਆ, ਜਦੋਂ ਲੱਗਭੱਗ ਹਰੇਕ ਪੰਜਾਬੀ ਦੀ ਜ਼ੁਬਾਨ ਤੇ ਚਰਖੇ ਦਾ ਜ਼ਿਕਰ ਹੋਇਆ ਕਰਦਾ ਸੀ। ਪੰਜਾਬੀ ਲੋਕ ਗੀਤਾਂ ਤੋਂ ਇਲਾਵਾ ਗਾਇਕਾਂ ਦੇ ਅਖਾੜਿਆਂ ਦੇ ਗੀਤਾਂ ਵਿੱਚ ਵੀ ਚਰਖੇ ਦਾ ਜ਼ਿਕਰ ਹੁੰਦਾ ਸੀ। ਚਰਖਾ ਸਾਡੇ ਬੀਤ ਚੁੱਕੇ ਵਿਰਸੇ ਦਾ ਮਹੱਤਵਪੂਰਨ ਅੰਗ ਸੀ ਅਤੇ ਚਰਖੇ ਦਾ ਯੋਗਦਾਨ ਘਰ ਦੀ ਆਰਥਿਕਤਾ ਨੂੰ ਸਥਿਰ ਰੱਖਣ ਲਈ ਵੀ ਹੁੰਦਾ ਸੀ। ਚਰਖੇ ਨਾਲ ਕੱਤੇ ਹੋਏ ਸੂਤ ਦੀਆਂ ਦਰੀਆਂ, ਖੇਸੀਆਂ, ਚਾਦਰਾਂ ਅਤੇ ਹੋਰ ਕੱਪੜਾ ਤਿਆਰ ਕਰਨ ਵਾਸਤੇ ਵਰਤਿਆ ਜਾਂਦਾ ਸੀ। ਚਰਖੇ ਦੀ ਪੰਜਾਬੀ ਜਨ ਜੀਵਨ ਵਿੱਚ ਮਹੱਤਤਾ ਕਾਰਨ ਹੀ ਪੰਜਾਬਣ ਮੁਟਿਆਰ ਨੂੰ ਚਰਖੇ ਵਿਚੋਂ ਆਪਣੇ ਅੰਗਾਂ ਸਾਕਾਂ ਦਾ ਵਜੂਦ ਨਜ਼ਰ ਆਉਂਦਾ ਸੀ—

ਚਰਖਾ ਮੇਰਾ ਰੰਗ ਰੰਗੀਲਾ, ਮੁੰਨੇ ਮੇਰੇ ਭਾਈ।

ਗੁੱਡੀਆਂ ਮੇਰੀ ਸਕੀਆਂ ਭੈਣਾਂ, ਮਾਲ੍ਹ ਵੱਡੀ ਭਰਜਾਈ।

ਸੋਹਣੇ ਚਰਖੇ ਤੋਂ ਮੈਂ ਜਿੰਦੜੀ ਘੋਲ ਘੁਮਾਈ।

ਇਹੋ ਹੀ ਕਾਰਨ ਸੀ ਜਿਸ ਕਾਰਨ ਪੰਜਾਬਣ ਮੁਟਿਆਰ ਚਰਖੇ ਤੋਂ ਵਿਛੜਨਾ ਨਹੀਂ ਸੀ ਚਾਹੁੰਦੀ ਤੇ ਚਰਖਾ ਉਸਦੀ ਜਿੰਦ ਜਾਨ ਸੀ। ਇਸੇ ਕਰਕੇ ਹੀ ਉਹ ਆਪਣੇ ਹਾਣੀ ਮਾਹੀ ਨੂੰ ਅਰਜ਼ੋਈਆਂ ਕਰਦੀ ਹੈ ਕਿ ਉਹ ਉਸਦਾ ਚਰਖਾ ਉਥੇ ਲੈ ਚੱਲੇ ਜਿੱਥੇ ਉਹ ਆਪਣਾ ਕਿੱਤਾ ਕਰਦਾ ਭਾਵ ਹਲ ਵਾਹੁੰਦਾ ਹੈ ਤਾਂ ਜੁ ਦੋਵੇਂ ਜੀਅ ਇੱਕ ਦੂਜੇ ਦੀਆਂ ਨਜ਼ਰਾਂ ਦੇ ਸਾਹਮਣੇ ਵੀ ਹੋਣ ਅਤੇ ਆਪਣਾ ਰੁਜ਼ਗਾਰ ਮੁਖੀ ਕਿੱਤਾ ਵੀ ਕਰਦੇ ਰਹਿ ਸਕਣ। ਜੇ ਕਿਸੇ ਕਾਰਨ ਮੁਟਿਆਰ ਦੇ ਪਤੀ ਨੂੰ ਰੋਜ਼ੀ ਰੋਟੀ ਖਾਤਰ ਪ੍ਰਦੇਸ ਦਾ ਰੁੱਖ ਅਖਤਿਆਰ ਕਰਨਾ ਪੈ ਜਾਂਦਾ ਤਾਂ ਵੀ ਬਿਰਹਾ ਦੇ ਸੱਲ ਦੀ ਭੰਨੀ ਹੋਈ ਮੁਟਿਆਰ ਆਪਣੇ ਦਿਲ ਦੀ ਵੇਦਨਾ ਸਾਂਝੀ ਕਰਨ ਲਈ ਚਰਖੇ ਨੂੰ ਪ੍ਰਤੀਕ ਬਣਾ ਕੇ ਪੁਕਾਰ ਉਠਦੀ ਹੈ—

ਚਰਖਾ ਮੈਂ ਆਪਣਾ ਕੱਤਾਂ, ਤੰਦ ਤੇਰਿਆਂ ਦੁੱਖਾਂ ਦੇ ਪਾਵਾਂ।

ਚਰਖੇ ਨਾਲ ਪੰਜਾਬਣ ਮੁਟਿਆਰ ਦੀ ਅਜੇਹੀ ਪ੍ਰੀਤ ਦਾ ਵਰਨਣ ਪੰਜਾਬੀ ਗਾਇਕਾਂ ਨੇ ਵੀ ਆਪਣੇ ਗੀਤਾਂ ਵਿੱਚ ਕੀਤਾ। ਰੇਡੀਓ ਉਤੇ ਆਮ ਹੀ ਇਹ ਗੀਤ ਸੁਨਣ ਨੂੰ ਮਿਲਦਾ ਸੀ—


ਮੈਂ ਕੱਤਾਂ ਪ੍ਰੀਤਾਂ ਨਾਲ, ਚਰਖਾ ਚੰਦਨ ਦਾ,

ਸ਼ਾਵਾ ਚਰਖਾ ਚੰਦਨ ਦਾ.....

ਇਹ ਵਿਕਦਾ ਈ, ਵੱਡੇ ਬਜ਼ਾਰ, ਚਰਖਾ ਚੰਦਨ ਦਾ,

ਸ਼ਾਵਾ ਚਰਖਾ ਚੰਦਨ ਦਾ .....

ਇਸ ਗੀਤ ਵਿੱਚ ਚਰਖੇ ਨਾਲ ਪੰਜਾਬਣ ਮੁਟਿਆਰ ਦੀ ਪ੍ਰੀਤ ਦਾ ਵਰਨਣ ਤਾਂ ਹੈ ਹੀ ਪਰ ਨਾਲ ਚਰਖੇ ਨੂੰ ਬਨਾਉਣ ਵਾਸਤੇ ਵਰਤੀ ਗਈ ਲੱਕੜ (ਚੰਦਨ) ਦਾ ਵੀ ਜ਼ਿਕਰ ਆਉਂਦਾ ਹੈ। ਭਾਵੇਂ ਇਸ ਗੀਤ ਵਿੱਚ



ਚੰਦਨ ਦੀ ਵਰਤੀ ਗਈ ਲੱਕੜ ਦਾ ਜ਼ਿਕਰ ਹੈ ਪਰ ਪੰਜਾਬ ਵਿੱਚ ਚਰਖਾ ਆਮ ਤੌਰ ਤੇ ਕਾਲੀ ਟਾਹਲੀ ਦਾ ਹੀ ਬਣਾਇਆ ਜਾਂਦਾ ਸੀ। ਇਸ ਦਾ ਕਾਰਨ ਇਸ ਲੱਕੜ ਦੀ ਮਜ਼ਬੂਤੀ ਹੋਣਾ ਸੀ ਅਤੇ ਇਸ ਲੱਕੜ ਦਾ ਬਣਿਆ ਹੋਇਆ ਚਰਖਾ ਬਹੁਤ ਹੰਢਣਸਾਰ ਹੁੰਦਾ ਸੀ। ਉਂਝ ਵੀ ਜਿਹੜੀ ਵਸਤ ਕਿਸੇ ਨੂੰ ਜਾਨੋਂ ਵੱਧ ਪਿਆਰੀ ਹੋਵੇ ਉਸ ਨੂੰ ਬਨਾਉਣ ਵਾਸਤੇ ਉਚੇਚਾ ਧਿਆਨ ਦਿੱਤਾ ਜਾਂਦਾ ਹੈ। ਇਸੇ ਲਈ ਚਰਖਾ ਬਨਾਉਣ ਵਾਲੇ ਤਰਖਾਣ ਨੂੰ ਉਚੇਚੀ ਤਾਕੀਦ ਕੀਤੀ ਜਾਂਦੀ ਸੀ ਤੇ ਆਖਿਆ ਜਾਂਦਾ ਸੀ, **''ਮੇਰੇ ਜਿਗਰ ਦਿਆ ਤਰਖਾਣਾ ! ਚਰਖਾ ਚੰਗੀ ਲੱਕੜ ਦਾ ਬਨਾਣਾ।'** ਇਹ ਤੁਕ ਚਰਖਾ ਬਨਵਾਉਣ ਲਈ ਪਾਈ ਜਾਂਦੀ ਰੀਝ ਦਾ ਚੰਗਾ ਪ੍ਰਗਟਾਵਾ ਕਰ ਦਿੰਦੀ ਹੈ। ਇਸੇ ਰੀਝ ਨੂੰ ਦੇਖਦਿਆਂ ਚਰਖਾ ਬਨਾਉਣ ਵਾਲਾ ਕਾਰੀਗਰ ਇਸ ਉੱਤੇ ਜੀਅ ਜਾਨ ਨਾਲ ਮੇਹਨਤ ਕਰਦਾ ਅਤੇ ਇਸ ਨੂੰ ਪੂਰੀ ਤਰ੍ਹਾਂ ਦਰਸ਼ਨੀ ਬਨਾਉਣ ਦੀ ਕੋਸ਼ਿਸ਼ ਕਰਦਾ। ਚਰਖੇ ਦੇ ਫੱਟਾਂ ਉੱਤੇ ਸ਼ੀਸ਼ੇ ਜੜ੍ਹੇ ਜਾਂਦੇ ਸਨ ਤਾਂ ਜੁ ਚਰਖਾ ਦੇਖਣ ਦੇ ਪੱਖੋਂ ਸੁੰਦਰ ਲੱਗ ਸਕੇ। ਰੰਗ ਰੋਗਨ ਕਰਕੇ ਚਰਖੇ ਨੂੰ ਖੂਬ ਸ਼ਿੰਗਾਰਿਆ ਜਾਂਦਾ ਸੀ। ਨਵੇਂ ਚਰਖੇ ਦੀ ਨੁਹਾਰ ਦੇਖਣ ਵਾਲੀ ਹੀ ਹੁੰਦੀ ਸੀ। ਅਜਿਹਾ ਸੁੰਦਰ ਚਰਖਾ ਦੇਖ ਕੇ ਮੁਟਿਆਰ ਪੁਕਾਰ ਉਠਦੀ—

'ਚਰਖਾ ਤਾਂ ਮੇਰਾ ਤ੍ਰਿੰਞਣਾ ਦਾ ਸਰਦਾਰ ਨੀ ਮਾਏ'

ਅਜਿਹੇ ਚਰਖੇ ਦੀ ਮਾਲਕ ਮੁਟਿਆਰ ਦੀਆਂ ਸਾਰੀਆਂ ਸਹੇਲੀਆਂ ਅਤੇ ਤ੍ਰਿੰਞਣ ਵਿੱਚ ਕੱਤਣ ਵਾਲੀਆਂ ਸਾਰੀਆਂ ਮੁਟਿਆਰਾਂ ਵਧੀਆ ਅਤੇ ਸੁੰਦਰ ਚਰਖਾ ਦੇਖ ਕੇ ਉਸ ਚਰਖੇ ਨਾਲ ਕੱਤਣ ਵਾਲੀ ਮੁਟਿਆਰ

ਦੀਆਂ ਸਿਫਤਾਂ ਕਰਦੀਆਂ ਨਾ ਥੱਕਦੀਆਂ। ਮੁਟਿਆਰਾਂ ਚਰਖਾ ਬਨਾਉਣ ਵਾਲੇ ਕਾਰੀਗਰ ਦੀਆਂ ਵੀ ਸਿਫਤਾਂ ਕਰਦੀਆਂ ਅਤੇ ਉਸ ਨੂੰ ਵਧਾਈ ਦੇਣ ਦਾ ਗੱਲ ਕਰਦੀਆਂ—

ਕਾਰੀਗਰ ਨੂੰ ਦਿਉ ਵਧਾਈ, ਜੀਹਨੇ ਇਹ ਬਣਾਇਆ।
ਖੂਬ ਖਰਾਦੇ, ਮੁੰਨੇ ਗੁੱਡੀਆਂ, ਗੋਲ ਮਝੇਰੂ ਪਾਇਆ।
ਮੇਖਾਂ ਲਾ ਸੁਨਹਿਰੀ ਇਸਨੂੰ ਸ਼ੀਸ਼ਿਆਂ ਜੜਤ ਜੜਾਇਆ।
ਚਾਂਦੀ ਰੰਗੀਆਂ ਪੱਤੀਆਂ ਲਾ ਕੇ, ਸੋਹਣਾ ਰੰਗ ਚੜ੍ਹਾਇਆ।
ਬੀੜੇ ਦੇ ਨਾਲ ਖਹੇ ਦਮਕੜਾ, ਤੱਕਲਾ ਫਿਰੇ ਸਵਾਇਆ।
ਕੱਤ ਲੈ ਹੀਰੇ ਨੀ, ਵਿਆਹ ਅੱਸੂ ਦਾ ਆਇਆ।

ਚਰਖਾ ਦਾਜ ਵਿੱਚ ਵੀ ਦਿੱਤਾ ਜਾਂਦਾ ਸੀ। ਇਸ ਕਾਰਨ ਚਰਖੇ ਦੀ ਬਣਵਾਈ ਲਈ ਪੂਰਾ ਜ਼ੋਰ ਲਾ ਦਿੱਤਾ ਜਾਂਦਾ ਸੀ। ਰੰਗ ਰੋਗਨ ਕਰਕੇ ਪਿੱਤਲ ਦੇ ਫੁੱਲਾਂ ਅਤੇ ਸ਼ੀਸ਼ਿਆਂ ਦੀ ਜੜਤ ਵਾਲੇ ਦਿਲ ਖਿੱਚਵੇਂ ਚਰਖੇ ਦੀ ਸੁੰਦਰਤਾ ਦੇਖਦਿਆਂ ਹੀ ਮੁਟਿਆਰ ਦੇ ਸਹੁਰੇ ਘਰ ਵਿੱਚ ਅਤੇ ਆਂਢ-ਗੁਆਂਢ ਵਿੱਚ ਉਸ ਦੀਆਂ ਸਿਫਤਾਂ ਦੇ ਪੁਲ ਬੱਝ ਜਾਂਦੇ ਸਨ। ਸੁਭਾਵਿਕ ਸੀ ਕਿ ਇਹੋ ਜਿਹਾ ਸੁੰਦਰ ਚਰਖਾ ਕੱਤਣ ਵੇਲੇ ਮੁਟਿਆਰ ਨੂੰ ਆਪਣੇ ਪੇਕਿਆਂ ਦੀ ਮਾਣ ਭਰੀ ਯਾਦ ਦਿਵਾ ਦੇਵੇ। ਇਸੇ ਮਾਣ ਭਰੀ ਯਾਦ ਕਾਰਨ ਹੀ ਮੁਟਿਆਰ ਦੇ ਮੂੰਹੋਂ ਸੁੱਤੇ ਸਿੱਧ ਬੋਲ ਨਿਕਲਦੇ—

ਚਰਖਾ ਮੇਰਾ ਰੰਗ ਬਰੰਗਾ, ਵਿੱਚ ਸੋਨੇ ਦੀਆਂ ਮੇਖਾਂ।
ਵੀਰਾ ਤੈਨੂੰ ਯਾਦ ਕਰਾਂ, ਜਦ ਚਰਖੇ ਵੱਲ ਵੇਖਾਂ।
.....
ਡਾਹਵਾਂ ਚਰਖਾ ਤੇ ਪਾਉਨੀ ਆਂ ਤੰਦ ਵੇ।
ਮਾਪੇ ਮਿਲਦੇ ਤਾਂ ਪੈ ਜਾਂਦੀ ਠੰਢ ਵੇ।

ਚਰਖੇ ਦਾ ਬਹੁਤਾ ਸੰਬੰਧ ਔਰਤਾਂ ਨਾਲ ਹੀ ਹੁੰਦਾ ਸੀ। ਇਸ ਲੇਖ ਦੇ ਸ਼ੁਰੂ ਵਿੱਚ ਜ਼ਿਕਰ ਕੀਤਾ ਹੈ ਕਿ ਪੰਜਾਬੀ ਜਨ ਜੀਵਨ ਦੀ ਆਰਥਿਕਤਾ ਵਿੱਚ ਵੱਡਾ ਯੋਗਦਾਨ ਚਰਖੇ ਦਾ ਹੁੰਦਾ ਸੀ। ਪਿੰਡ ਦੇ ਖੇਤਾਂ ਵਿੱਚ ਹੀ ਉੱਗੀ, ਬੀਜੀ, ਕਪਾਹ ਦਾ ਰੂੰ ਬਣਾਇਆ ਜਾਂਦਾ। ਇਹੀ ਸੂਤ ਅਗਾਂਹ ਪਹਿਨਣ ਵਾਸਤੇ ਖੱਦਰ ਦੇ ਕੱਪੜੇ, ਖੇਸ, ਦਰੀਆਂ, ਚਾਦਰਾਂ ਅਤੇ ਫੁਲਕਾਰੀਆਂ ਬਨਾਉਣ ਦੇ ਕੰਮ ਆਉਂਦਾ। ਵਿੱਦਿਆ ਦਾ ਪਸਾਰਾ ਤਾਂ ਹੈ ਨਹੀਂ ਸੀ। ਇਸ ਲਈ ਸੁਰਤ ਸੰਭਾਲਦੀਆਂ ਕੁੜੀਆਂ ਨੂੰ ਚਰਖੇ ਤੇ ਬਿਠਾ ਕੇ ਕੱਤਣਾ ਸਿਖਾ ਦਿੱਤਾ ਜਾਂਦਾ ਸੀ। ਇਸ ਤਰ੍ਹਾਂ ਬਚਪਨ ਤੋਂ ਲੈ ਕੇ ਹੀ ਔਰਤਾਂ ਦਾ ਸੰਬੰਧ ਚਰਖੇ ਨਾਲ ਜੁੜ ਜਾਂਦਾ ਸੀ। ਵਿਆਹ ਤੋਂ ਬਾਅਦ ਉਹ ਚਰਖੇ ਰਾਹੀਂ ਕੱਤ ਕੱਤ ਕੇ ਆਪਣੇ ਮਾਹੀ ਨਾਲ ਘਰ ਦੀ ਆਰਥਿਕਤਾ ਸੁਧਾਰਨ ਦੇ ਸੁਪਨੇ ਬੁਣਦੀ ਹੈ।

ਮਾਂ ਮੇਰੀ ਨੇ ਚਰਖਾ ਦਿੱਤਾ, ਪੀੜ੍ਹੀ ਬਣਾ ਦੇ ਤੂੰ।
ਸਾਰੀ ਰਾਤ ਕੱਤਿਆ ਕਰੂੰ, ਕੱਤਿਆ ਕਰੂੰ ਤੇਰਾ ਰੂੰ।
.....
ਜੇਠ ਹਾੜ ਦੀਆਂ ਧੁੱਪਾਂ ਵੇ ਚੰਨ ਪੈਣ ਬਲਾਈਂ।
ਲਾਲ ਦੰਮਾਂ ਦੇ ਲੋਭੀਆ, ਵੇ ਕਿਤੇ ਛੱਡ ਕੇ ਨਾ ਜਾਈਂ।
ਮੈਂ ਕੱਤਾਂਗੀ ਨਿੱਕੜਾ, ਵੇ ਤੂੰ ਬੈਠਾ ਖਾਈਂ।

ਚਰਖਾ ਭਾਵੇਂ ਇਕੱਲੀ ਮੁਟਿਆਰ ਆਪਣੇ ਘਰ ਬੈਠ ਕੇ ਕੱਤ ਸਕਦੀ ਹੈ ਪਰ ਆਮ ਤੌਰ ਤੇ ਮੁਹੱਲੇ ਦੀਆਂ ਮੁਟਿਆਰਾਂ ਰਲ ਮਿਲ ਕੇ ਇਕੱਠੀਆਂ ਹੋ ਕੇ ਮੁਹੱਲੇ ਵਿੱਚ ਹੀ ਕਿਸੇ ਇੱਕ ਘਰ, ਜਿੱਥੇ ਬੈਠਣ ਲਈ ਥਾਂ ਖੁੱਲ੍ਹਾ ਹੋਵੇ, ਚਰਖੇ ਲੈ ਕੇ ਬਹਿੰਦੀਆਂ ਸਨ। **'ਹੱਥ ਪੂਣੀਆਂ ਢਾਕ ਤੇ ਚਰਖਾ, ਚੱਲੀਆਂ ਮੈਂ ਕੱਤਣੇ ਨੂੰ.....'** ਦੇ ਕਥਨ ਅਨੁਸਾਰ ਮੁਟਿਆਰਾਂ ਆਪੋ ਆਪਣੇ ਚਰਖੇ ਲੈ ਕੇ ਨਿਯਤ ਥਾਂ ਤੇ ਜੁੜ ਬਹਿੰਦੀਆਂ। ਇਨ੍ਹਾਂ ਵਿੱਚ ਸਿਆਣੀ ਉਮਰ ਦੀਆਂ ਔਰਤਾਂ ਵੀ ਆਪੋ ਆਪਣੇ ਅਟੇਰਨ ਵਗੈਰਾ ਲੈ ਕੇ ਬੈਠ ਜਾਂਦੀਆਂ। ਇਹ ਸਿਆਣੀ ਉਮਰ ਦੀਆਂ ਔਰਤਾਂ ਕੱਤੇ ਹੋਏ ਰੂੰ ਦੇ ਗਲੋਟਿਆਂ ਦੀਆਂ ਅੱਟੀਆਂ (ਲੱਛੇ) ਅਟੇਰਨ ਨਾਲ ਅਟੇਰ ਕੇ ਬਣਾਉਂਦੀਆਂ ਨਾਲੋ ਨਾਲ ਇਹ ਸਿਆਣੀਆਂ ਔਰਤਾਂ ਅਲ੍ਹੜ ਉਮਰ ਦੀਆਂ ਕੁੜੀਆਂ ਚਿੜੀਆਂ ਨੂੰ ਕੋਈ ਸਿੱਖ ਮੱਤ ਵੀ ਦਿੰਦੀਆਂ ਰਹਿੰਦੀਆਂ। ਅਜਿਹੇ ਵਿੱਚ ਇਕੱਠੀਆਂ ਹੋਈਆਂ ਮੁਟਿਆਰਾਂ, ਕੁੜੀਆਂ, ਔਰਤਾਂ ਇੱਕ ਦੂਜੀ ਨਾਲ ਹਾਸੇ ਮਖੌਲਾਂ ਵਿੱਚ ਹੀ ਕਈ ਬੋਲੀਆਂ, ਟੱਪੇ, ਗੀਤ ਆਦਿ ਵੀ ਅਛੋਪਲੇ ਹੀ ਸਿਰਜ ਲੈਂਦੀਆਂ। ਅਜਿਹੇ ਵਿੱਚ ਕਿਸੇ ਮੁਟਿਆਰ ਵਲੋਂ ਆਪਣੇ ਮਾਹੀ ਨੂੰ ਯਾਦ ਕਰਦਿਆਂ ਚਰਖਾ ਕੱਤਦੇ ਹੋਏ ਇਹ ਕਹਿਣਾ ਸੁਤੇ ਸਿੱਧ ਹੀ ਸੀ—


ਲੰਬੇ ਲੰਬੇ ਤੰਦ ਵੇ ਮੈਂ ਤੱਕਲੇ ਤੇ ਪਾਉਨੀ ਆਂ।
ਤੱਕ ਤੱਕ ਰਾਹਾਂ ਸਾਰਾ ਦਿਨ ਮੈਂ ਲੰਘਾਉਂਨੀ ਆਂ।
ਯਾਦ ਕਰਾਂ ਤੈਨੂੰ ਹਰ ਵੇਲੇ.....
ਤੂੰਬਾ ਵੱਜਦਾ ਜ਼ਾਲਮਾ, ਵਿੱਚ ਵੇਹੜੇ....

ਚਰਖੇ ਲੈ ਕੇ ਇਸ ਤਰ੍ਹਾਂ ਜੁੜ ਬਹਿਣ ਨੂੰ ਹੀ ਤ੍ਰਿੰਞਣ ਆਖਿਆ ਜਾਂਦਾ ਸੀ। ਤ੍ਰਿੰਞਣ ਆਮ ਤੌਰ ਤੇ ਉਸ ਘਰ ਜੁੜਦਾ ਸੀ ਜਿਸ ਘਰ ਦੀ ਮੁਟਿਆਰ ਖੁਦ ਤ੍ਰਿੰਞਣ ਵਿੱਚ ਸ਼ਾਮਲ ਹੋਵੇ। ਮਾਪੇ ਵੀ ਕੁੜੀਆਂ ਨੂੰ ਉਸੇ ਘਰ ਜਾਣ ਦੀ ਇਜਾਜ਼ਤ ਦਿੰਦੇ ਸਨ ਜਿਸ ਘਰ ਨੂੰ ਇਖਲਾਕੀ ਤੌਰ ਤੇ ਉੱਚਾ-ਸੁੱਚਾ ਸਮਝਿਆ ਜਾਂਦਾ ਸੀ। ਇਸ ਤ੍ਰਿੰਞਣ ਦਾ ਜੁੜਨਾ ਘਰ ਦੇ ਮੁਖ ਦਰਵਾਜ਼ੇ ਦੇ ਅੰਦਰ ਜਾਂ ਅੰਦਰ ਬਾਹਰ ਦੋਵੇਂ ਪਾਸੇ ਮੌਕੇ ਮੁਤਾਬਕ ਹੁੰਦਾ ਸੀ। ਜੇਕਰ ਗਲੀ ਵਿੱਚ ਚੌਂਕ ਵਰਗਾ ਖੁੱਲ੍ਹਾ ਥਾਂ ਘਰ ਦੇ ਮੂਹਰੇ ਲੱਗਦਾ ਹੁੰਦਾ ਤਾਂ ਮੁਟਿਆਰਾਂ ਸਮੇਂ ਅਨੁਸਾਰ ਆਪਣੇ ਚਰਖੇ ਉਥੇ ਡਾਹ ਲੈਂਦੀਆਂ। ਪਰ ਆਮ ਤੌਰ ਤੇ ਵਿਆਹੀਆਂ ਮੁਟਿਆਰਾਂ ਦੀ ਗਲੀ ਵਿੱਚ ਚਰਖਾ ਡਾਹ ਕੇ ਆਨੇ-ਬਹਾਨੇ ਲੰਘਦੇ ਮਾਹੀ ਨੂੰ ਦੇਖਣ ਦੀ ਸਿੱਕ ਹੁੰਦੀ। ਅਜਿਹਾ ਸੁਭਾਵਕ ਵੀ ਸੀ ਕਿਉਂਕਿ ਨਵੀਂ ਵਿਆਹੀ ਮੁਟਿਆਰ ਵਾਸਤੇ ਉਸਦਾ ਕੰਤ, ਉਸਦਾ ਦਿਲ ਜਾਨੀ, ਉਸਦਾ ਮਾਹੀ ਹੀ ਤਾਂ ਸਭ ਕੁਝ ਹੁੰਦਾ ਹੈ। ਖਾਸ ਕਰਕੇ ਪੁਰਾਣੇ ਸਮਿਆਂ ਵਿੱਚ ਜਦਕਿ ਵਿਆਹ ਤੋਂ ਪਹਿਲਾਂ ਦੋਵਾਂ ਜੀਵਨ ਸਾਥੀਆਂ ਵਿਚੋਂ ਕਿਸੇ ਨੇ ਵੀ ਇੱਕ ਦੂਜੇ ਨੂੰ ਦੇਖਿਆ ਵੀ ਨਾ ਹੋਵੇ ਤਾਂ ਪਹਿਲਾਂ ਪਹਿਲ ਉਹੀ ਇੱਕ ਜੀਅ ਹੁੰਦਾ ਸੀ ਜਿਸ ਨਾਲ ਮੁਟਿਆਰ ਆਪਣੇ ਦਿਲ ਦੀਆਂ ਗੱਲਾਂ ਸਾਂਝੀਆਂ ਕਰ ਸਕਦੀ ਸੀ। ਇਸ ਲਈ ਕੁਦਰਤੀ ਸੀ ਕਿ ਉਸਦਾ ਧਿਆਨ ਹਰ ਵੇਲੇ ਆਪਣੇ ਮਾਹੀਏ ਵੱਲ ਰਹਿੰਦਾ। ਇਸ ਲਈ ਹਰ ਚਰਖੇ ਦੇ ਗੇੜੇ, ਮਾਹੀਆ ਮੈਨੂੰ ਯਾਦ ਆਂਵਦਾ....' ਦੀ ਹਾਲਤ ਵਿਚ ਉਸਦੀ ਦਿਲੀ ਤਾਂਘ, ਦਿਲੀ ਸਿੱਕ ਆਪਣੇ ਮਾਹੀ ਨੂੰ ਦੇਖਣ ਦੀ ਕੋਈ ਗੈਰ ਕੁਦਰਤੀ ਨਹੀਂ ਸਗੋਂ ਸੁਭਾਵਕ ਸੀ—

(ਚਲਦਾ)

ਧਨੀ ਰਾਮ ਚਾਤ੍ਰਿਕ ਦਾ ਚਿੰਤਨ

ਸਤਿਨਾਮ ਔਜਲਾ ਵੈਨਕੂਵਰ



ਧਨੀ ਰਾਮ ਚਾਤ੍ਰਿਕ ਪਹਿਲਾ ਐਸਾ ਚਿੰਤਕ ਅਤੇ ਸ਼ਾਇਰ ਹੈ, ਜਿਸ ਨੇ ਪੰਜਾਬ ਦੇ ਕਿਸਾਨ ਦੀ ਨਿੱਜੀ ਜ਼ਿੰਦਗੀ ਅਤੇ ਕਿਸਾਨੀ ਨੂੰ ਬਹੁਤ ਨੇੜਿਉਂ ਹੋ ਕੇ ਝਾਕਿਆ ਹੈ। ਕਿਸਾਨ ਦੇ ਦਰਦ ਨੂੰ ਆਪਣੇ ਦਿਲ ਨਾਲ ਲਾਇਆ ਹੈ ਅਤੇ ਆਹ ਭਰੀ ਹੈ। ਚਿੰਤਕ ਨੇ ਕਿਸਾਨ ਦੇ ਘਰੇਲੂ ਹਾਲਾਤਾਂ ਨੂੰ ਬਹੁਤ ਬਾਰੀਕ ਬੀਨੀ ਦ੍ਰਿਸ਼ਟੀ ਨਾਲ ਕਲਮ ਰਾਹੀਂ ਚਿਤਰਿਆ ਹੈ। ਗੁਰੂ ਨਾਨਕ ਸਾਹਿਬ ਦੇ ਹੱਥੀਂ ਖੇਤੀ ਕਰਨ ਵਾਲੀ ਇਸ ਪੰਜਾਬ ਦੀ ਧਰਤੀ ਨੂੰ ਸਿਫ਼ਤ ਸਲਾਹਿਆ ਵੀ ਹੈ।

ਸਿਕੰਦਰ ਦੀ ਆਮਦ ਤੋਂ ਬਾਅਦ ਮੁਹੰਮਦ ਬਿਨ ਕਾਸਿਮ, ਗੌਰੀ, ਗਜ਼ਨਵੀ, ਖਿਲਜੀ, ਗੁਲਾਮ ਤੁਗਲਕ ਅਤੇ ਲੋਧੀ ਵੰਸ਼ ਨੇ ਰਾਜ ਕੀਤਾ। ਗਜ਼ਨੀ, ਅਬਦਾਲੀ ਅਤੇ ਨਾਦਰਸ਼ਾਹ ਵਰਗਿਆਂ ਨੇ ਪੰਜਾਬ ਦੀ ਆਬਰੂਹ ਨੂੰ ਰੱਜ ਕੇ ਲੁੱਟਿਆ। 1526 ਤੋਂ ਮੁਗਲਾਂ ਦਾ ਰਾਜ ਸਥਾਪਤ ਹੋ ਗਿਆ। ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਪੰਜਾਬ ਅੰਗਰੇਜ਼ਾਂ ਦਾ ਗੁਲਾਮ ਹੋ ਗਿਆ। ਨਾਦਰਸ਼ਾਹੀ ਲੁੱਟ 'ਚ ਕਿਸਾਨ ਤੇ ਕਿਸਾਨੀ ਉੱਜੜਦੇ ਰਹੇ।

1947 ਦੀ ਵੰਡ ਤੋਂ ਪਹਿਲਾਂ ਪੰਜਾਬ ਦੇ 29 ਜ਼ਿਲ੍ਹੇ ਸਨ। ਵੰਡ ਤੋਂ ਬਾਅਦ 16 ਜ਼ਿਲ੍ਹੇ ਪਾਕਿਸਤਾਨ 'ਚ ਚਲੇ ਗਏ ਅਤੇ 13 ਜ਼ਿਲ੍ਹੇ ਭਾਰਤ ਹਿੱਸੇ ਆ ਗਏ। ਪੰਜ ਦਰਿਆਵਾਂ 'ਚੋਂ ਢਾਈ ਦਰਿਆ ਸਾਡੇ ਹਿੱਸੇ ਆਏ। ਇਸ ਮੰਦਭਾਗੀ ਵੰਡ 'ਚ 10 ਲੱਖ ਲੋਕ ਮਾਰੇ ਗਏ। ਲੱਖਾਂ ਘਰ ਉੱਜੜ ਗਏ, ਲੱਖਾਂ ਪਰਿਵਾਰ ਵਿਛੜ ਗਏ, ਲੱਖਾਂ ਔਰਤਾਂ ਬੇਵਾ ਹੋ ਗਈਆਂ, ਲੱਖਾਂ ਬੱਚੇ ਯਤੀਮ ਹੋ ਗਏ। ਇੰਜ ਲੱਖਾਂ ਲੋਕਾਂ ਦੇ ਲਹੂ ਨਾਲ ਭਿੱਜੀ ਆਜ਼ਾਦੀ ਦੀ ਇੱਟ ਚਿਣ ਹੋਈ। ਭਾਵ ਸਦੀਆਂ ਤੋਂ ਪੰਜਾਬ ਵਸਦਾ ਤੇ ਉੱਜੜਦਾ ਰਿਹਾ। ਏਥੇ ਹੀ ਬਸ ਨਹੀਂ ਹੋਈ 1957 'ਚ ਪੰਜਾਬ ਦੀ ਬਾਂਹ ਵੱਢ ਕੇ ਹਿਮਾਚਲ ਬਣਾ ਦਿੱਤਾ ਗਿਆ ਅਤੇ 1966 ਸਿਰ ਕਲਮ ਕਰਕੇ ਅੱਜ ਦਾ ਨਵਾਂ ਪੰਜਾਬ ਬਣਾ ਦਿੱਤਾ ਗਿਆ। ਹਰਿਆਣਾ ਨਵਾਂ ਰਾਜ ਬਣਾ ਦਿੱਤਾ।

ਚਾਤ੍ਰਿਕ ਦੇ ਸਮੇਂ 'ਚ ਪੰਜਾਬ ਦਾ ਕਿਸਾਨ ਬੇਸ਼ੱਕ ਗਰੀਬ ਸੀ ਪਰ ਉਹ ਕਿਸੇ ਹੱਦ ਤੱਕ ਮਾਨਸਿਕ ਰੂਪ 'ਚ ਖੁਸ਼ਹਾਲ ਸੀ। ਬਹੁਤ ਸਾਰੀਆਂ ਆਈਆਂ ਆਫ਼ਤਾਂ ਅਤੇ ਚਿੰਤਾਵਾਂ ਆਪਣੇ ਉੱਪਰ ਝੱਲ ਲੈਂਦਾ ਸੀ। ਜ਼ਿੰਦਗੀ ਸੁਖਾਲੀ ਸੀ ਉਪਰਾਮਤਾ ਘੱਟ ਸੀ। ਚਾਤ੍ਰਿਕ ਦੇ ਇਸ ਸ਼ੇਅਰ 'ਚ ਇਹ ਰੂਪ ਝਲਕਦਾ ਹੈ।

ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ
ਕੱਛੇ ਮਾਰ ਵੰਝਲੀ ਅਨੰਦ ਛਾ ਗਿਆ
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

ਇਨ੍ਹਾਂ ਸਤਰਾਂ 'ਚ ਚਾਤ੍ਰਿਕ ਨੇ ਕਿਸਾਨ ਦੀ ਦਰਿਆਦਿਲੀ ਅਤੇ ਮਸਤ ਮਜ਼ਾਜ ਦਾ ਵਰਨਣ ਤਾਂ ਕੀਤਾ ਹੈ ਪਰ ਉਸ ਸਮੇਂ ਵੀ ਕਿਸਾਨ ਸ਼ਾਹਾਂ ਦਾ ਕਰਜ਼ਦਾਰ ਹੀ ਸੀ। ਉਸ ਦੇ ਸਾਊਪੁਣੇ ਦੀ ਲੁੱਟ ਉਸ ਸਮੇਂ ਵੀ ਸੀ।

ਕੁਦਰਤ ਦੀ ਮਾਰ ਨਾਲ ਪਰਿਵਾਰ 'ਚ ਤੰਗੀਆਂ ਤੁਰਸ਼ੀਆਂ ਆ ਖੜ੍ਹਦੀਆਂ। ਚੰਗੀ ਫਸਲ ਦੀ ਆਸ 'ਚ ਉਹ ਕੁਝ ਕਰਜ਼ਾ ਚੁੱਕ ਲੈਂਦਾ ਪਰ ਕਈ ਵਾਰ ਕੁਦਰਤ ਉਸ ਨਾਲ ਐਸਾ ਮਜ਼ਾਕ ਕਰਦੀ ਝੱਖੜ ਝੋਲੇ ਉਸ ਦਾ ਸਭ ਕੁਝ ਲੁੱਟ ਪੁੱਟ ਕੇ ਲੈ ਜਾਂਦੇ। ਕਿਸਾਨ ਹੋਰ ਕਰਜ਼ ਥੱਲੇ ਆ ਜਾਂਦਾ ਤੇ ਸ਼ਾਹੂਕਾਰ ਧੇਲੀ ਵੱਟੇ ਹਵੇਲੀ ਲਿਖਾ ਲੈਂਦਾ। ਕਿਸਾਨ ਸਿਰਫ਼ ਰੱਬ ਤੇ ਯਕੀਨ ਚੰਗੇ ਦਿਨਾਂ ਦੀ ਆਸ ਰੱਖ ਕੇ ਬੈਠ ਜਾਂਦਾ। ਸਬਰ ਕਰ ਲੈਂਦਾ। ਕੁਦਰਤ ਦੀ ਕਰੋਪੀ ਨਾਲ ਸਿਝਣ ਲਈ ਕਿਸੇ ਉਸ ਦਾ ਹੱਥ ਨਾ ਫੜਿਆ। ਕਿਸਾਨ ਨੇ ਵੀ ਆਪਣੀਆਂ ਰਹੁ ਰੀਤਾਂ ਨੂੰ ਨਹੀਂ ਬਦਲਿਆ ਸਗੋਂ ਹਿੱਕ ਠੋਕ ਕੇ ਪਹਿਰਾ ਦਿੰਦਾ ਰਿਹਾ। ਚਾਲਾਕ ਸਰਮਾਏਦਾਰੀ ਨੇ ਉਸ ਨੂੰ ਹਉਮੈਂ ਚੋਂ ਕੱਢਣ ਲਈ ਨਹੀਂ ਪ੍ਰੇਰਿਆ। ਇੰਜ ਕਿਸਾਨ ਗਰੀਬੀ ਦੀ ਦਲਦਲ ਧਸਦਾ ਹੀ ਗਿਆ। ਸਦੀਆਂ ਤੋਂ ਇਹ ਵਰਤਾਰਾ ਉਸ ਨਾਲ ਅੱਜ ਤੱਕ ਚਲ ਰਿਹਾ ਹੈ। ਇਸ ਕਰਕੇ ਚਾਤ੍ਰਿਕ ਨੇ ਕਿਸਾਨ ਨੂੰ ਉਸ ਦੀ ਨਾਦਾਨੀ ਤੋਂ ਸੁਚੇਤ ਕੀਤਾ ਹੈ।

ਪੱਕੀ ਖੇਤੀ ਵੇਖ ਕੇ ਗਰਬ ਕਰੇ ਕਿਰਸਾਨ
ਵਾਉ ਝੱਖੜ ਝੋਲਿਉਂ ਘਰ ਆਈ ਤੇ ਜਾਣ।

ਆਪਣੇ ਅਨੁਭਵ ਤੋਂ ਸ਼ਾਇਰ ਨੇ ਕਿਸਾਨ ਨੂੰ ਸਮਝਾਇਆ ਹੈ ਕਿ ਪੱਕੀ ਫਸਲ ਦੇਖ ਕੇ ਤੇਰੇ ਚਿਹਰੇ ਤੇ ਨੂਰ ਅਤੇ ਜਿਹਨ 'ਚ ਗਰੂਰ ਤਾਂ ਜ਼ਰੂਰ ਆਇਆ ਹੈ ਪਰ ਇਹ ਦੌਲਤ ਤੇਰੀ ਤਦ ਹੀ ਹੈ ਜੇ ਝੱਖੜ ਹਨ੍ਹੇਰੀ ਮੀਂਹ ਦੀਆਂ ਆਫ਼ਤਾਂ ਤੋਂ ਬਚ ਕੇ ਤੇਰੇ ਭੜੋਲੇ 'ਚ ਆ ਪਈ ਤਾਂ ਹੀ ਤੇਰੀ ਹੈ। ਸ਼ਾਇਰ ਨੇ ਕਿਸਾਨ ਦੀ ਅੰਦਰ ਦੀ ਮਜ਼ਬੂਰੀ ਨੂੰ ਜਿਸ ਤਰ੍ਹਾਂ ਘੋਖਿਆ ਹੈ ਸ਼ਾਇਦ ਹੀ ਕਿਸੇ ਆਧੁਨਿਕ ਕਵੀ ਨੇ ਏਨੀ ਡੂੰਘੀ ਚੁੱਭੀ ਮਾਰਨ ਦੀ

ਜ਼ੁਰਅਤ ਕੀਤੀ ਹੋਵੇ। ਸ਼ਾਇਰ ਨੇ ਕਿਸਾਨ ਜੋ ਮੌਸਮ ਦੀ ਮਾਰ ਦਾ ਦਰਦ ਪਿੰਡੇ ਤੇ ਹੰਢਾਉਂਦਾ ਹੈ ਇੰਜ ਲਿਖਿਆ ਹੈ। ਸੱਚਮੁੱਚ ਰੌਂਗਟੇ ਖੜ੍ਹੇ ਕਰ ਦੇਣ ਵਾਲਾ ਹੈ।

ਜਾਂ ਇਕ ਕਿਸਮਤ ਦਾ ਬਲੀ ਜਾਗ ਰਿਹਾ ਕਿਸਾਨ
ਪਾਣੀ ਲਾਉਂਦਿਆਂ ਪੈਰ ਹੱਥ ਨੀਲੇ ਹੁੰਦੇ ਜਾਣ।

ਕਿਸਾਨ ਦੇ ਦਰਦ ਨੂੰ ਉਹੀ ਹੀ ਸਮਝ ਸਕਦਾ ਹੈ ਜਿਸ ਨੇ ਸਿਆਲ ਦੀਆਂ ਕੱਕਰੀਆਂ ਰਾਤਾਂ ਨੂੰ ਖੜ੍ਹ ਕੇ ਫਸਲ ਨੂੰ ਪਾਣੀ ਲਾਇਆ ਹੋਵੇ। ਸਿਰ ਤੇ ਪੈਂਦੇ ਕੱਕਰ ਅਤੇ ਵਗਦੇ ਠੰਡੇ ਪਾਣੀ 'ਚ ਪੈਰ ਪਾ ਕੇ ਜੋ ਹਾਲ ਹੁੰਦਾ ਹੈ, ਉਸ ਨਾਲ ਸੱਚਮੁੱਚ ਹੱਥ ਪੈਰ ਨੀਲੇ ਪੈ ਜਾਂਦੇ ਹਨ। ਹੱਥ ਪੈਰਾਂ ਦੀਆਂ ਨਾੜਾਂ ਸੁਕੜ ਜਾਂਦੀਆਂ ਨੀਲੀਆਂ ਪੈ ਜਾਂਦੀਆਂ ਹਨ। ਇਹ ਰਾਤਾਂ ਦਾ ਦਰਦ ਕਿਸੇ ਆੜ੍ਹਤੀਏ ਜਾਂ ਸ਼ਾਹੂਕਾਰ ਜਾਂ ਸਰਕਾਰੀ ਅਫ਼ਸਰ ਜਾਂ ਬਾਦਸ਼ਾਹ ਨੇ ਨਹੀਂ ਹੰਢਾਇਆ ਹੁੰਦਾ। ਇਸ ਕਰਕੇ ਉਹ ਕਿਸਾਨ ਦਾ ਦਰਦ ਨਹੀਂ ਸਮਝਦੇ। ਕਈ ਵਾਰ ਗਰਮੀਆਂ ਨੂੰ ਪਾਣੀ ਲਾਉਣ ਗਏ ਕਿਸਾਨ ਨੂੰ ਸੱਪ ਡੱਸ ਜਾਂਦੇ ਹਨ। ਘਰ ਮਾਂ, ਬਾਪ, ਪੁੱਤਰ, ਧੀਆਂ, ਘਰਵਾਲੀ ਉਡੀਕਦੇ ਹੁੰਦੇ ਹਨ ਪਰ ਉਹ ਕਿਸਮਤ ਦਾ ਵਲੀ ਵੱਟ ਨਾਲ ਪਿਆ ਅਲਵਿਦਾ ਕਹਿ ਗਿਆ ਹੁੰਦਾ ਹੈ। ਘਰ ਕਫਨ ਜੋਗੇ ਪੈਸੇ ਵੀ ਨਹੀਂ ਹੁੰਦੇ। ਬਿਨ ਮਿਲਿਆ ਰੁਖ਼ਸਤ ਹੋ ਜਾਂਦਾ ਹੈ।

ਜਦੋਂ ਫਸਲ ਪੱਕ ਕੇ ਘਰ ਆਉਣ ਦਾ ਸਮਾਂ ਹੁੰਦਾ ਹੈ, ਉਸ ਦੇ ਸੁਪਨੇ ਕਿਸ ਤਰ੍ਹਾਂ ਖਿੰਡ ਜਾਂਦੇ ਹਨ।

ਰਹਿੰਦਾ ਬੋਲ ਹੁੰਝਾ ਲਿਆ ਆ ਕੇ ਲਹਿਣੇਦਾਰ
ਤੇਰੇ ਪਲੇ ਰਹਿ ਗਈ ਤੂੜੀ ਪੰਡਾ ਚਾਰ।

ਕਿਸਾਨ ਦੇ ਦੋ ਵੱਡੇ ਲਹਿਣੇਦਾਰ ਹਨ, ਇੱਕ ਆੜ੍ਹਤੀਆ ਜਾਂ ਸ਼ਾਹੂਕਾਰ ਦੂਜੀ ਅੱਜ ਦੇ ਸਮੇਂ 'ਚ ਸਰਕਾਰ। ਸਰਕਾਰੀ ਸ਼ਾਹੂਕਾਰੇ 'ਚ ਅਤੇ ਦੂਜੇ ਸ਼ਾਹੂਕਾਰ 'ਚ ਕੋਈ ਬਹੁਤਾ ਅੰਤਰ ਨਹੀਂ ਹੈ। ਜਿਵੇਂ ਸ਼ਾਹੂਕਾਰ ਚਕਰਵਿਧੀ ਨਾਲ ਵਿਆਜ ਲਾਉਂਦੇ ਹਨ ਸਰਕਾਰੀ ਵੀ ਇਵੇਂ ਕਰਦੇ ਹਨ। ਫਸਲ ਅਜੇ ਖੱਤੇ 'ਚ ਹੁੰਦੀ ਹੈ ਮੈਨੇਜਰ ਘਰੀਂ ਨੋਟਿਸ ਭੇਜਣੇ ਸ਼ੁਰੂ ਕਰ ਦਿੰਦੇ ਹਨ। ਆਪ ਪੂਰੀ ਟੀਮ ਨਾਲ ਪੁਲਿਸ ਲੈ ਕੇ ਘਰੀਂ ਆ ਵੜਦੇ ਹਨ। ਕਰਜ਼ਦਾਰ ਨੂੰ ਜ਼ਲੀਲ ਕਰਦੇ ਹਨ। ਕੁਰਕੀ ਦੀਆਂ ਧਮਕੀਆਂ ਦਿੰਦੇ ਹਨ। ਗਰੀਬ ਕਿਸਾਨ ਨੀਵੀਂ ਪਾਈ ਬੈਠਾ ਹੁੰਦਾ ਹੈ। ਬੋਲ ਹੁੰਝਾ ਕੇ ਲੈ ਜਾਂਦੇ ਹਨ। ਬਸ ਢੱਗਿਆਂ ਲਈ ਚਾਰ ਪੰਡਾ ਤੂੜੀ ਹੀ ਬਚਦੀ ਹੈ। ਅੱਜ ਦੀਆਂ ਸਰਕਾਰਾਂ ਹੋਰ ਵੀ ਅੱਗੇ ਲੰਘ ਗਈਆਂ ਹਨ। ਕਰਜ਼ਾ ਮੁਆਫ਼ ਕਰਕੇ ਮੁਕਰਨ ਦੀ ਕਲਾ ਵੀ ਸਿੱਖ ਗਈਆਂ ਹਨ। ਕਵੀ ਕਿਸਾਨ ਨੂੰ ਇਕ ਸਵਾਲ ਕਰਦਾ ਹੈ।

ਅਮਰੀਕਾ ਵਿਚ ਜੱਟ ਹੀ ਹੋ ਰਹੇ ਮਾਲਾਮਾਲ
ਸੁਣ ਲੈ ਤੇਰੇ ਢਿੱਡ 'ਚੋਂ ਕਿਉਂ ਨਾ ਨਿਕਲੇ ਕਾਲ।

ਚਾੜ੍ਹਿਕ ਨੇ ਕਿਸਾਨ ਦੇ ਐਬ ਹੀ ਉਸ ਦੀ ਇਸ ਬਦਕਿਸਮਤੀ ਲਈ ਜ਼ਿੰਮੇਵਾਰ ਦੱਸੇ ਹਨ। ਬੱਚਿਆਂ ਨੂੰ ਚੰਗੀ ਵਿਦਿਆ ਦੇ ਤੇਰੇ ਲਈ ਇਹੀ ਇਕ ਰਾਸਤਾ ਹੈ। ਜੇ ਫਿਰ ਵੀ ਤੇਰੀ ਕਿਸਮਤ ਨਾ ਬਦਲੇ ਤਾਂ ਚਾੜ੍ਹਿਕ ਜ਼ਿੰਮੇਵਾਰ ਹੈ। ਇਥੇ ਤੱਕ ਚਾੜ੍ਹਿਕ ਸਹੀ ਵੀ ਹੈ।

ਪਰ ਅੱਜ ਦੇ ਅਜੋਕੇ ਸਮੇਂ 'ਚ ਜੇ ਚਾੜ੍ਹਿਕ ਸਾਹਿਬ ਜਿਊਂਦੇ ਹੁੰਦੇ ਤਾਂ ਉਦਾਸ ਚਿੱਤ ਜ਼ਰੂਰ ਹੁੰਦੇ। ਕਿਸਾਨ ਪਿਤਾ ਪੁਰਖੀ ਕੰਮ 'ਚ ਬੱਚੇ ਪਾ ਕੇ ਉਨ੍ਹਾਂ ਨੂੰ ਡਾਕਟਰ ਜਾਂ ਇੰਜੀਨੀਅਰ ਨਹੀਂ ਬਣਾ ਸਕਦਾ। ਕਿਉਂਕਿ ਇਕ ਡਾਕਟਰ ਬਣਨ ਲਈ ਲੱਖਾਂ ਰੁਪਏ ਫੀਸ ਹੈ। ਅੱਜ ਘਰ 'ਚ ਹੀਟਰ, ਕੂਲਰ ਚਾਹੀਦੇ ਹਨ। ਰੁੱਖਾਂ ਥੱਲੇ ਬਹਿਣ ਦਾ ਸਮਾਂ ਜਾ ਚੁੱਕਾ ਹੈ। ਵਿਆਹ ਸ਼ਾਦੀਆਂ ਕਿਵੇਂ ਕਰੇ। ਜੇ ਅੱਜ ਸੋਚ ਦਾ ਹਾਣੀ ਨਾ ਬਣੇ। ਉਹ ਝੁੰਬੀ ਮਾਰ ਕੇ ਤੁਰਾ ਰਹੇ, ਹਾਂ ਗਰੀਬ ਦਾ ਗਰੀਬ, ਫਿਕਰ ਮੁਕਤ ਨਹੀਂ ਹੁੰਦਾ।

ਅਮਰੀਕਾ ਦੇ ਕਿਸਾਨ ਖੁਲ੍ਹੀ ਜ਼ਮੀਨ ਤੇ ਖੇਤੀ ਕਰਦਾ ਹੈ। ਸਰਕਾਰਾਂ ਮੱਦਦ ਦਿੰਦੀਆਂ ਹਨ। ਸਾਡੀ ਜ਼ਮੀਨੀ ਵੰਡ ਜ਼ਿਆਦਾ ਹੈ ਸਾਧਨਾ ਦੀ ਘਾਟ ਹੈ। ਸਬਸਿਡੀ ਦਾ 85% ਨੇਤਾ ਤੇ ਮੁਲਾਜ਼ਮ ਖਾ ਜਾਂਦੇ ਹਨ। ਦਵਾਈਆਂ ਸਪਰੇਅ ਵਾਲੀਆਂ ਨਕਲੀ ਹਨ। ਪੰਜਾਬ 'ਚ ਦਸਾਂ ਸਾਲਾਂ 'ਚ ਸੋਲਾਂ ਹਜ਼ਾਰ ਕਿਸਾਨ ਆਤਮ ਹੱਤਿਆ ਕਰ ਚੁੱਕੇ ਹਨ। ਅਮਰੀਕਾ 'ਚ ਕੋਈ ਖੁਦਕੁਸ਼ੀ ਕਰਦਾ ਹੈ। ਕੋਈ ਵੀ ਸਰਕਾਰ ਕਿਸਾਨ ਪੱਖੀ ਯੋਜਨਾ ਨਹੀਂ ਬਣਾ ਸਕੀ। ਨੇਤਾ ਥੁੱਕ ਕੇ ਚੱਟਣ ਦੀ ਮੁਹਾਰਤ ਹਾਸਲ ਕਰ ਚੁੱਕੇ ਹਨ। ਭ੍ਰਿਸ਼ਟਾਚਾਰ ਦਾ ਇਹ ਹਾਲ ਹੈ, ਰਿਸ਼ਵਤਖੋਰੀ ਚਰਮਸੀਮਾ ਤੇ ਹੈ। ਨੇਤਾਵਾਂ ਦਾ ਇਹ ਹਾਲ ਹੈ।

ਸੋਚਾ ਥਾ ਕੇ ਹਾਕਮ ਸੇ ਫਰਿਆਦ ਕਰੂੰ
ਕੰਮਬਖਤ ਬੋਹ ਵੀ ਇਸੇ ਚਾਹਨੇ ਵਾਲਾ ਨਿਕਲਾ।

ਸੋ ਨੇਤਾਵਾਂ ਬਾਰੇ ਅਤੇ ਜਨਤਾ ਬਾਰੇ ਕਹਿਣਾ ਇਹ ਸੱਚ ਹੀ ਹੈ। ਹਾਲਾਤ ਇਹੀ ਹਨ।

ਦੇਖੀ ਤੇਰੀ ਬਖ਼ਤਾਵਰੀ
ਮੇਰੀ ਪਾਟੀ ਘਗਰੀ ਲੀਰ ਦਾ ਨਾਲਾ।

* * * * *

ਉੱਡ ਗਿਆ ਪਿਆਰ ਰੂਹਾਂ 'ਚੋਂ, ਜਿਵੇਂ ਪਾਣੀ ਸੁਕਿਆ ਖੂਹਾਂ 'ਚੋਂ।
ਜਵਾਈਆਂ ਵਿਚੋਂ ਪੁੱਤ ਭਾਲਦੇ ਪਰ ਧੀ ਨਹੀਂ ਦਿਸਦੀ ਨੂੰਹਾਂ 'ਚੋਂ।

ਆਓ ਜਾਣੀਏ !

ਇੰਜ. ਪਰਮਿੰਦਰਜੀਤ ਸਿੰਘ
ਐਡੀਸ਼ਨਲ ਚੀਫ਼ ਐਡੀਟਰ

ਸਾਹਿਤ ਅਕਾਦਮੀ ਪੁਰਸਕਾਰ ਜੇਤੂ ਪੁਸਤਕਾਂ

1.	ਮੇਰੇ ਸਾਈਆਂ ਜੀਉ	ਭਾਈ ਵੀਰ ਸਿੰਘ	(ਕਵਿਤਾ)
2.	ਸੁਨੇਹੜੇ	ਅੰਮ੍ਰਿਤਾ ਪ੍ਰੀਤਮ	(ਕਵਿਤਾ)
3.	ਵੱਡਾ ਵੇਲਾ	ਮੋਹਣ ਸਿੰਘ	(ਕਵਿਤਾ)
4.	ਇਕ ਮਿਆਨ ਦੋ ਤਲਵਾਰਾਂ	ਨਾਨਕ ਸਿੰਘ	(ਨਾਵਲ)
5.	ਰੰਗਮੰਚ	ਬਲਵੰਤ ਗਾਰਗੀ	(ਅਲੋਚਨਾ)
6.	ਇਕ ਛਿੱਟ ਚਾਨਣ ਦੀ	ਕਰਤਾਰ ਸਿੰਘ ਦੁੱਗਲ	(ਕਹਾਣੀ)
7.	ਲੂਣਾ	ਸ਼ਿਵ ਕੁਮਾਰ ਬਟਾਲਵੀ	(ਕਵਿਤਾ)
8.	ਨਵੇਂ ਲੋਕ	ਕੁਲਵੰਤ ਸਿਘ ਵਿਰਕ	(ਕਹਾਣੀ)
9.	ਨਾਂ ਧੁੱਪੇ ਨਾਂ ਛਾਂਵੇ	ਹਰਭਜਨ ਸਿੰਘ	(ਕਵਿਤਾ)
10.	ਏਹੁ ਹਮਾਰਾ ਜੀਵਣਾ	ਦਲੀਪ ਕੌਰ ਟਿਵਾਣਾ	(ਨਾਵਲ)
11.	ਮਿੱਤਰ ਪਿਆਰਾ	ਸੰਤ ਸਿੰਘ ਸੇਖੋਂ	(ਨਾਟਕ)
12.	ਉਰਵਾਰ ਪਾਰ	ਗੁਰਮੁਖ ਸਿੰਘ ਮੁਸਾਫ਼ਰ	(ਕਹਾਣੀ)

* * * * *

1. ਪੰਜਾਬੀ ਭਾਸ਼ਾ ਦੀ ਲਿਪੀ ਕਿਹੜੀ ਹੈ?
   (ੳ) ਰੋਮਨ (ਅ) ਦੇਵਨਾਗਰੀ
   (ੲ) ਪੁਆਧੀ (ਸ) ਗੁਰਮੁਖੀ (ਸ)
2. ਪੰਜਾਬੀ ਭਾਸ਼ਾ ਦੀ ਕੇਂਦਰੀ ਜਾਂ ਟਕਸਾਲੀ ਭਾਸ਼ਾ ਕਿਹੜੀ ਹੈ?
   (ੳ) ਦੁਆਬੀ (ਅ) ਮਾਂਝੀ
   (ੲ) ਮਲਵਈ (ਸ) ਪੋਠੋਹਾਰੀ (ਅ)
3. ਇਨ੍ਹਾਂ ਵਿਚੋਂ ਕਿਹੜੀ ਉਪ ਬੋਲੀ ਪੰਜਾਬ ਵਿਚ ਨਹੀਂ ਬੋਲੀ ਜਾਂਦੀ?
   (ੳ) ਪੋਠੋਹਾਰੀ (ਅ) ਪਵਾਧੀ
   (ੲ) ਮਾਝੀ (ਸ) ਮਲਵਈ (ੳ)
4. ਪੰਜਾਬੀ ਦੀ ਉਪ ਬੋਲੀ ਦੁਆਬੀ ਇਨ੍ਹਾਂ ਜ਼ਿਲ੍ਹਿਆਂ ਵਿਚੋਂ ਕਿਸ ਜ਼ਿਲ੍ਹੇ ਵਿਚ ਨਹੀਂ ਬੋਲੀ ਜਾਂਦੀ?
   (ੳ) ਕਪੂਰਥਲਾ (ਅ) ਜਲੰਧਰ
   (ੲ) ਹੁਸ਼ਿਆਰਪੁਰ (ਸ) ਫਰੀਦਕੋਟ (ਸ)
5. ਇਨ੍ਹਾਂ ਵਿਚ ਕਿਸ ਜ਼ਿਲ੍ਹੇ ਵਿਚ ਪੰਜਾਬੀ ਉਪ ਬੋਲੀ ਮਾਝੀ ਬੋਲੀ ਜਾਂਦੀ ਹੈ?
   (ੳ) ਸੰਗਰੂਰ (ਅ) ਗੁਰਦਾਸਪੁਰ
   (ੲ) ਜਲੰਧਰ (ਸ) ਮਾਨਸਾ (ਅ)
6. ਇਨ੍ਹਾਂ ਵਿਚੋਂ ਕਿਸ ਨੂੰ ਪੰਜਾਬੀ ਕਾਵਿ ਦਾ ਪਿਤਾਮਾ ਮੰਨਿਆ ਜਾਂਦਾ ਹੈ?
   (ੳ) ਬਾਬਾ ਫਰੀਦ (ਅ) ਗੁਰੂ ਅਰਜਨ ਦੇਵ ਜੀ
   (ੲ) ਭਾਈ ਗੁਰਦਾਸ ਜੀ (ਸ) ਵਾਰਿਸ ਸ਼ਾਹ (ੳ)
7. ਇਨ੍ਹਾਂ ਵਿਚੋਂ ਕਿਸ ਨੂੰ ਪੰਜਾਬੀ ਨਾਵਲ ਦਾ ਪਿਤਾਮਾ ਮੰਨਿਆ ਜਾਂਦਾ ਹੈ?
   (ੳ) ਗੁਰਦਿਆਲ ਸਿੰਘ (ਅ) ਨਾਨਕ ਸਿੰਘ
   (ੲ) ਸੰਤ ਸਿੰਘ ਸੇਖੋਂ (ਸ) ਗੁਰਦਿਆਲ ਸਿੰਘ ਢੱਲ (ਅ)

8. ਇਨ੍ਹਾਂ ਵਿਚੋਂ ਕਿਸ ਨੂੰ ਪੰਜਾਬੀ ਸਾਹਿਤਕਾਰ ਦਾ ਬਾਬਾ ਬੋਹੜ ਕਹਿੰਦੇ ਹਨ?
(ੳ) ਬਲਵੰਤ ਗਾਰਗੀ (ਅ) ਨਾਨਕ ਸਿੰਘ
(ੲ) ਸੰਤ ਸਿੰਘ ਸੇਖੋਂ (ਸ) ਜਸਵੰਤ ਸਿੰਘ ਕਮਲ (ੲ)

9. ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਕਿਉਂ ਕਹਿੰਦੇ ਹਨ?
(ੳ) ਇਨ੍ਹਾਂ ਤੋਂ ਬਿਨਾਂ ਬਾਣੀ ਦੀ ਸਮਝ ਨਹੀਂ ਆ ਸਕਦੀ
(ਅ) ਇਹ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁਰੂ ਵਿਚ ਦਰਜ ਹਨ
(ੲ) ਇਹਨਾਂ ਵਿਚ ਬਾਣੀ ਦੇ ਮੂਲ ਸਿਧਾਂਤ ਦੀ ਸਰਲ ਵਿਆਖਿਆ ਹੈ
(ਸ) ਇਹ ਗੁਰਬਾਣੀ ਦਾ ਅਤਿ ਮਹੱਤਵਪੂਰਨ ਅੰਗ ਹਨ (ੲ)

10. ਬਾਬਾ ਫਰੀਦ ਸ਼ੱਕਰਗੰਜ ਦਾ ਸਬੰਧ ਕਿਸ ਸੂਫ਼ੀ ਸੰਪ੍ਰਦਾਇ ਨਾਲ ਸੀ?
(ੳ) ਕਾਦਰੀ (ਅ) ਨਕਸ਼ਬੰਦੀ
(ੲ) ਸੁਹਰਾਵਰਦੀ (ਸ) ਚਿਸ਼ਤੀ (ੲ)

ਸਿੱਖ ਸ਼ਖ਼ਸ਼ੀਅਤ

ਪ੍ਰਿਥੀਪਾਲ ਸਿੰਘ (1932-1983)

ਇਹ ਇਕ ਅਜਿਹਾ ਖਿਡਾਰੀ ਹੈ ਜਿਸ ਨੇ ਲਗਾਤਾਰ ਤਿੰਨ ਓਲੰਪਿਕ ਖੇਡਾਂ–ਰੋਮ (1960), ਟੋਕੀਓ (1964) ਅਤੇ ਮੈਕਸੀਕੋ (1968) ਵਿਚ ਸਭ ਤੋਂ ਵੱਧ ਗੋਲ ਕਰਕੇ ਰਿਕਾਰਡ ਆਪਣੇ ਨਾਮ ਕਰਵਾਇਆ, ਜਿਸ ਤੋਂ ਇਹ ਸਪੱਸ਼ਟ ਹੈ ਕਿ ਹਾਕੀ ਦੇ ਖੇਤਰ ਵਿਚ ਕਿੰਨਾ ਚਿਰ ਉਸ ਨੇ ਆਪਣਾ ਸਿੱਕਾ ਜਮਾਈ ਰੱਖਿਆ। 1960 ਦੀਆਂ ਰੋਮ ਓਲੰਪਿਕ ਖੇਡਾਂ ਵਿਚ 22 ਵਿਚੋਂ 11 ਗੋਲ ਦਾਗ ਕੇ ਇਹ ਵਿਸ਼ਵ ਦਾ ਸਰਵਉੱਚ ਰੱਖਿਅਕ ਪੰਕਤੀ ਖਿਡਾਰੀ ਚੁਣਿਆ ਗਿਆ। ਪੈਨਲਟੀ ਕਾਰਨਰ ਰਾਹੀਂ ਗੋਲ ਦਾਗਣ ਕਾਰਨ ਉਸ ਵਕਤ ਦੇ ਮੀਡੀਆ ਵਿਚ ਇਹ 'ਪੈਨਲਟੀ ਕਾਰਨਰ ਕਿੰਗ' ਦੇ ਨਾਮ ਨਾਲ ਪ੍ਰਚਲਿਤ ਹੋ ਗਿਆ ਸੀ। 1967 ਵਿਚ ਉਸ ਨੂੰ ਯੁਗੋਂਡਾ ਜਾਣ ਵਾਲੀ ਹਾਕੀ ਟੀਮ ਦਾ ਕਪਤਾਨ ਚੁਣ ਲਿਆ ਗਿਆ। ਆਪਣੀ ਕਪਤਾਨੀ ਹੇਠ ਉਸ ਨੇ ਦੇਸ਼ ਲਈ ਮੈਕਸੀਕੋ ਉਲੰਪਿਕ ਗੋਲਡ ਪ੍ਰਾਪਤ ਕੀਤਾ। 1960 ਦੀਆਂ ਬੈਂਕਾਕ ਖੇਡਾਂ ਵਿਚ ਹਾਕੀ ਦੀ ਜਿੱਤ ਵਿਚ ਪ੍ਰਿਥੀਪਾਲ ਸਿੰਘ ਦੀ ਭੂਮਿਕਾ ਸਲਾਹੁਣਯੋਗ ਸੀ।



ਵਿਰੋਧ ਟੀਮ (ਖਾਸ ਕਰਕੇ ਪਾਕਿਸਤਾਨ ਦੀ) ਵਿਚ ਤਰਥੱਲੀ ਮਚਾਉਣ ਵਿਚ ਪ੍ਰਿਥੀਪਾਲ ਸਿੰਘ ਮਾਹਿਰ ਸੀ। ਇਸ ਟੀਮ ਦੇ ਖਿਡਾਰੀ ਪ੍ਰਿਥੀਪਾਲ ਸਿੰਘ ਦਾ ਸਾਹਮਣਾ ਕਰਨ ਤੋਂ ਕਤਰਾਉਂਦੇ ਸਨ, ਉਸ ਦੀ ਹਿੱਟ ਏਨੀ ਜ਼ੋਰਦਾਰ ਹੁੰਦੀ ਸੀ ਕਿ ਵਿਰੋਧੀ ਕਿਸੇ ਸੱਟ ਤੋਂ ਬਚਣ ਕਾਰਨ ਇਸ ਦੇ ਸ਼ਾਟ ਨੂੰ ਰੋਕਣ ਤੋਂ ਅਸਮਰੱਥ ਹੋ ਜਾਂਦੇ ਸਨ। ਪ੍ਰਿਥੀਪਾਲ ਸਿੰਘ ਦੀ ਖੇਡ ਸਦਕਾ ਭਾਰਤ ਨੇ ਤਿੰਨ ਓਲੰਪਿਕਸ ਵਿਚ ਆਪਣੇ ਝੰਡੇ ਗੱਡੀ ਰੱਖੇ ਸਨ, ਜਿਵੇਂ ਕਿ ਅਸੀਂ ਉਸ ਦੀ ਜ਼ੋਰਦਾਰ ਹਿੱਟ ਦੀ ਗੱਲ ਪਹਿਲਾਂ ਕੀਤੀ ਹੈ ਕਈ ਵਾਰੀ ਉਸ ਦੀ ਹਿੱਟ ਗੋਲ ਪੋਸਟ ਦਾ ਨੈੱਟ ਪਾੜ ਕੇ ਪਾਰ ਹੋ ਜਾਂਦੀ ਸੀ ਅਤੇ ਇਸੇ ਕਰਕੇ ਸਪੋਰਟਸ ਅਧਿਕਾਰੀਆਂ ਨੂੰ ਪੈਨਲਟੀ ਕਾਰਨਰ ਦੇ ਨਿਯਮਾਂ ਵਿਚ ਤਬਦੀਲੀ ਲਿਆਉਣੀ ਪਈ।

ਉਸ ਨੂੰ 1961 ਵਿਚ ਅਰਜੁਨਾ ਐਵਾਰਡ, ਪਦਮਸ੍ਰੀ 1966 ਵਿਚ ਅਤੇ ਰੇਲਵੇ ਮਨਿਸਟਰ ਮੈਡਲ ਨਾਲ ਸਨਮਾਨਿਤ ਕੀਤਾ ਗਿਆ। 20 ਮਈ 1983 ਨੂੰ ਕੁਝ ਅਣਪਛਾਤੇ ਵਿਅਕਤੀਆਂ ਨੇ ਉਸ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਅਜੇ ਵੀ ਉਸ ਨੂੰ 'ਪੈਨਲਟੀ ਕਾਰਨਰ ਦੇ ਕਿੰਗ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।

ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

ਦੂਸਰਾ, ਮਨ ਨੂੰ ਮੂਲ ਤੋਂ ਨਿਖੇੜਨ ਵਾਲੀ ਹਉਮੈ ਹੈ। ਇਹ ਹਉਮੈ ਸਾਰੇ ਬੰਧਨਾਂ ਦਾ ਮੁੱਢ ਹੈ। ਸਾਈਂ ਅਤੇ ਜੀਵ ਵਿਚਕਾਰ ਪਰਦਾ ਤਾਣਦੀ ਹੈ। ਜਦੋਂ ਇਸ ਨੂੰ ਲੋੜੀਂਦੀ ਵਸਤੂ ਮਿਲ ਜਾਂਦੀ ਹੈ, ਤਾਂ ਭੋਗ ਦਾ ਰੂਪ ਧਾਰਦੀ ਹੈ। ਕਦੇ ਲੋਭ ਦਾ ਰੂਪ, ਕਦੇ ਮੋਹ ਦਾ ਤੇ ਕਦੇ ਹੰਕਾਰ ਦਾ। ਜਦੋਂ ਹੰਕਾਰ ਨੂੰ ਠੋਹਕਰ ਵਜੇ ਤੇ ਕ੍ਰੋਧ ਬਣ ਕੇ ਪ੍ਰਾਣੀ ਦੇ ਅੰਦਰ ਪ੍ਰਵੇਸ਼ ਕਰਦੀ ਹੈ। ਜਦੋਂ ਕ੍ਰੋਧ ਕੁੱਝ ਨਾ ਸਾਰ ਸਕੇ ਤਾਂ ਫਿਰ ਇਹ ਈਰਖਾ ਤੇ ਸਾੜਾ ਬਣ ਜਾਂਦੀ ਹੈ। ਜੰਮਣ ਮਰਨ ਦੇ ਸਾਰੇ ਖੇਲ ਇਸੇ ਮਾਇਆ ਦੀ ਹਉਮੈ ਵਿਚ ਹੋ ਰਹੇ ਹਨ। ਇਹ ਹਉਮੈ ਦੂਰ ਹੁੰਦੀ ਹੈ ਨਾਮ ਦੀ ਕਮਾਈ ਨਾਲ ਨਾਮ ਸਿਮਰਨ ਵਿਚ ਇਹ ਰੋਕਾਂ ਪਾਉਂਦੀ ਹੈ। ਮਨਸੁਖ! ਇਸ ਹਉਮੈ ਤੋਂ ਸਾਵਧਾਨਤਾ ਰੱਖਣੀ। ਇਸ ਨੂੰ ਜਾਨਣਾ ਕਿ ਕਿਥੋਂ ਪੈਦਾ ਹੁੰਦੀ ਹੈ ਤੇ ਕਿਸ ਤਰ੍ਹਾਂ ਇਸ ਦੀ ਨਵਿਰਤੀ ਹੋਵੇ। ਤੀਸਰੀ ਗੱਲ, ਭਾਣਾ ਮੰਨਣਾ।

ਜਗਤ ਵਿਚ ਦੁਖ-ਸੁਖ ਵਾਪਰਦੇ ਹਨ, ਹਰਖ ਸੋਕ ਆਵੰਦੇ ਹਨ। ਇਨ੍ਹਾਂ ਦੀ ਠੋਕਰ ਅੰਦਰ ਤੱਕ ਡੂੰਘੀ ਜਾਂਦੀ ਹੈ। ਜਦੋਂ ਇਸ ਦੀ ਪ੍ਰਾਪਤੀ ਹੋਈ ਚੀਜ਼ ਵਿਚ ਰੋਕ ਪਵੇ, ਉਦੋਂ ਇਹ ਦੁਖੀ ਹੁੰਦਾ ਹੈ। ਜਿਨ੍ਹਾਂ ਪਦਾਰਥਾਂ ਵਿਚ ਮਮਤਾ ਹੈ ਜਦੋਂ ਉਹ ਬਿਨਸ ਜਾਂਦੇ ਹਨ ਉਦੋਂ ਜੋ ਮਨੁੱਖ ਇਸ ਨੂੰ ਭਾਣਾ ਕਰਕੇ ਮੰਨ ਲੈਂਦਾ ਹੈ, ਉਹ ਮਨੁੱਖ ਠੋਕਰ ਨਹੀਂ ਖਾਂਦਾ। ਜਿਹੜੇ ਪਦਾਰਥ ਸਾਡੇ ਪਾਸ ਰਹਿਣਗੇ ਨਹੀਂ, ਉਨ੍ਹਾਂ ਵਿਚ ਕਾਹਦਾ ਜਕੜਾ ਤੇ ਕਾਹਦਾ ਮੋਹ। ਉਹ ਹੁਕਮ ਵਿਚ ਮਿਲੇ ਹਨ ਤੇ ਗਏ ਭੀ ਹੁਕਮ ਵਿਚ ਹਨ ਸਾਡਾ ਪਿਆਰ ਉਸ ਦਾਤੇ ਵਿਚ ਹੋਣਾ ਚਾਹੀਦਾ ਹੈ, ਜਿਸ ਨੇ ਵਸਤੂਆਂ ਦਿੱਤੀਆਂ ਹਨ, ਉਸ ਦੀਆਂ ਦਾਤਾਂ ਵਿਚ ਨਹੀਂ ਹੋਣਾ ਚਾਹੀਦਾ। ਇਸ ਲਈ ਚੰਗਾ ਹੈ ਕਿ ਅਸੀਂ ਸਦਾ ਉਸ ਨਿਰੰਕਾਰ ਨਾਲ ਲੱਗੇ ਰਹੀਏ।

ਸਤਿਗੁਰਾਂ ਕਿਹਾ-ਮਨਸੁਖ! ਇਹ ਤਿੰਨ ਗੱਲਾਂ ਮਨ ਨੂੰ ਸੁਖੀ ਬਣਾ ਦਿੰਦੀਆਂ ਹਨ। ਮਨਸੁਖ ਸੁਣ ਕੇ ਗਦ-ਗਦ ਹੋ ਗਿਆ। ਚਰਨ ਪਰਸੇ, ਨਿਹਾਲ ਹੋ ਗਿਆ। ਕਿਤਨੀ ਬਾਣੀ ਕੰਠ ਹੋ ਗਈ। ਰੋਜ਼ ਸਤਸੰਗਤ ਵਿਚ ਸਵੇਰੇ ਉੱਠ ਕੇ ਜਾਣ ਨਾਲ ਸਿਮਰਨ ਵਿਚ ਲਿਵ ਲੱਗਣ ਦੀ ਪ੍ਰਾਪਤੀ ਹੋ ਗਈ। ਆਗਿਆ ਲੈ ਕੇ ਚਰਨਾਂ ਤੇ ਨਿਮਸਕਾਰ ਕੀਤੀ ਤੇ ਮਨਸੁਖ ਲਾਹੌਰ ਆਪਣੇ ਘਰ ਵਾਪਸ ਚਲਾ ਗਿਆ।

ਚਲਦਾ

* * * * *

ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸ਼ਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

ਸੰਪਾਦਕ - ਸੁਰਿੰਦਰ ਸਿੰਘ ਰੂਬੀ

98141-28181

ਸਹੁ ਸੁਣਾਇਸੀ ਸੱਚ ਕੀ ਬੇਲਾ



ਸੁਰਿੰਦਰ ਸਿੰਘ ਰੂਬੀ
ਸੰਪਾਦਕ

ਕੀ ਪੰਥਕ ਸਿਆਸੀ ਧਿਰਾਂ ਦੀ ਏਕਤਾ ਸੰਭਵ ਹੈ ਜਾਂ ਸਿਰਫ ਇਕ ਸਿਆਸੀ ਸੁਪਨਾ?

ਪੰਜਾਬ ਦੀ ਰਾਜਨੀਤੀ ਵਿੱਚ "ਪੰਥਕ ਏਕਤਾ" ਇੱਕ ਅਜਿਹਾ ਸ਼ਬਦ ਹੈ ਜੋ ਹਰ ਚੋਣ ਤੋਂ ਪਹਿਲਾਂ ਚਰਚਾ ਦਾ ਕੇਂਦਰ ਬਣ ਜਾਂਦਾ ਹੈ। ਹਰ ਵਾਰ ਇਹ ਆਵਾਜ਼ ਉੱਠਦੀ ਹੈ ਕਿ ਪੰਥਕ ਸੋਚ ਵਾਲੀਆਂ ਸਿਆਸੀ ਧਿਰਾਂ ਨੂੰ ਆਪਣੇ ਮਤਭੇਦ ਭੁਲਾ ਕੇ ਇੱਕ ਸਾਂਝੇ ਮੰਚ 'ਤੇ ਇਕੱਠੇ ਹੋਣਾ ਚਾਹੀਦਾ ਹੈ। ਪਰ ਚੋਣਾਂ ਲੰਘਣ ਤੋਂ ਬਾਅਦ ਇਹ ਮੁੱਦਾ ਫਿਰ ਠੰਢੇ ਬਸਤੇ ਵਿਚ ਪੈ ਜਾਂਦਾ ਹੈ। ਇਹ ਸਵਾਲ ਅੱਜ ਵੀ ਓਨਾ ਹੀ ਪ੍ਰਸੰਗਿਕ ਹੈ ਕਿ ਕੀ ਪੰਥਕ ਸਿਆਸੀ ਧਿਰਾਂ ਦੀ ਏਕਤਾ ਸੱਚਮੁੱਚ ਸੰਭਵ ਹੈ ਜਾਂ ਇਹ ਸਿਰਫ ਇੱਕ ਆਦਰਸ਼ਵਾਦੀ ਕਲਪਨਾ ਬਣ ਕੇ ਰਹਿ ਜਾਵੇਗੀ?

ਪੰਜਾਬ ਦੀ ਰਾਜਨੀਤੀ ਦਾ ਇਤਿਹਾਸ ਦੱਸਦਾ ਹੈ ਕਿ ਪੰਥਕ ਰਾਜਨੀਤੀ ਨੇ ਇੱਕ ਸਮੇਂ ਰਾਜ ਦੇ ਸਮਾਜਿਕ ਅਤੇ ਰਾਜਨੀਤਿਕ ਜੀਵਨ ਨੂੰ ਮਹੱਤਵਪੂਰਨ ਦਿਸ਼ਾ ਦਿੱਤੀ ਸੀ। ਇਸ ਰਾਜਨੀਤੀ ਦਾ ਕੇਂਦਰ ਸਿਰਫ ਸੱਤਾ ਪ੍ਰਾਪਤ ਕਰਨਾ ਨਹੀਂ ਸੀ, ਸਗੋਂ ਪੰਜਾਬ ਦੇ ਹਿੱਤਾਂ, ਸਿੱਖ ਪੰਥ ਦੇ ਅਧਿਕਾਰਾਂ, ਪੰਜਾਬੀ ਭਾਸ਼ਾ, ਸੰਘੀ ਢਾਂਚੇ ਅਤੇ ਲੋਕਾਂ ਦੀਆਂ ਜਾਇਜ਼ ਮੰਗਾਂ ਨੂੰ ਲੋਕਤੰਤਰੀ ਢੰਗ ਨਾਲ ਉਠਾਉਣਾ ਵੀ ਸੀ। ਪਰ ਸਮੇਂ ਦੇ ਨਾਲ-ਨਾਲ ਇਹ ਰਾਜਨੀਤੀ ਕਈ ਧੜਿਆਂ ਵਿੱਚ ਵੰਡਦੀ ਗਈ। ਨਵੇਂ ਸੰਗਠਨ ਬਣੇ, ਪੁਰਾਣੇ ਟੁੱਟੇ, ਨਵੇਂ ਗਠਜੋੜ ਬਣੇ ਅਤੇ ਫਿਰ ਟੁੱਟ ਗਏ। ਇਸ ਲਗਾਤਾਰ ਵੰਡ ਨੇ ਪੰਥਕ ਰਾਜਨੀਤੀ ਦੀ ਸਮੂਹਿਕ ਤਾਕਤ ਨੂੰ ਕਾਫੀ ਹੱਦ ਤੱਕ ਕਮਜ਼ੋਰ ਕੀਤਾ।

ਅੱਜ ਪੰਥਕ ਰਾਜਨੀਤੀ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਵਿਚਾਰਧਾਰਾ ਦੀ ਨਹੀਂ, ਸਗੋਂ ਭਰੋਸੇ ਦੀ ਹੈ। ਲਗਭਗ ਸਾਰੀਆਂ ਪੰਥਕ ਧਿਰਾਂ ਪੰਜਾਬ ਦੇ ਹਿੱਤ, ਸਿੱਖ ਸੰਸਥਾਵਾਂ ਦੀ ਮਰਿਆਦਾ, ਕਿਸਾਨਾਂ ਦੇ ਮਸਲੇ, ਨਸ਼ਿਆਂ ਦੇ ਖਾਤਮੇ, ਬੇਰੁਜ਼ਗਾਰੀ, ਪਾਣੀਆਂ ਅਤੇ ਚੰਡੀਗੜ੍ਹ ਵਰਗੇ ਮੁੱਦਿਆਂ 'ਤੇ ਇੱਕੋ ਜਿਹੀ ਸੋਚ ਪ੍ਰਗਟ ਕਰਦੀਆਂ ਹਨ। ਫਿਰ ਵੀ ਉਹ ਇਕੱਠੇ ਨਹੀਂ ਹੋ ਸਕਦੀਆਂ। ਇਸ ਦਾ ਕਾਰਨ ਨੀਤੀਆਂ ਨਾਲੋਂ ਵੱਧ ਲੀਡਰਸ਼ਿਪ ਦਾ ਟਕਰਾਅ, ਆਪਸੀ ਅਵਿਸ਼ਵਾਸ, ਨਿੱਜੀ ਮਹੱਤਵਾਕਾਂਖਾਵਾਂ ਅਤੇ ਸੰਗਠਨਾਤਮਕ ਹਿੱਤ ਹਨ। ਜਦੋਂ ਨਿੱਜੀ ਅਹੰਕਾਰ ਸਾਂਝੇ ਹਿੱਤਾਂ ਤੋਂ ਵੱਡੇ ਹੋ ਜਾਣ, ਤਾਂ ਏਕਤਾ ਦਾ ਰਾਹ ਆਪਣੇ ਆਪ ਮੁਸ਼ਕਲ ਹੋ ਜਾਂਦਾ ਹੈ।

ਦੂਜੇ ਪਾਸੇ ਪੰਜਾਬ ਦੀ ਮੌਜੂਦਾ ਸਥਿਤੀ ਅਜਿਹੀ ਹੈ ਕਿ ਵੰਡੀ ਹੋਈ ਰਾਜਨੀਤੀ ਨਾਲੋਂ ਸਾਂਝੀ ਸੋਚ ਦੀ ਵੱਧ ਲੋੜ ਹੈ। ਪੰਜਾਬ ਅੱਜ ਕਈ ਗੰਭੀਰ ਸੰਕਟਾਂ ਨਾਲ ਜੂਝ ਰਿਹਾ ਹੈ। ਖੇਤੀਬਾੜੀ ਦਾ ਸੰਕਟ ਲਗਾਤਾਰ ਡੂੰਘਾ ਹੋ ਰਿਹਾ ਹੈ। ਨੌਜਵਾਨਾਂ ਦਾ ਵਿਦੇਸ਼ਾਂ ਵੱਲ ਪਰਵਾਸ ਜਾਰੀ ਹੈ। ਨਸ਼ਿਆਂ ਦਾ ਮੁੱਦਾ ਅਜੇ ਵੀ ਚਿੰਤਾਜਨਕ ਹੈ। ਉਦਯੋਗਿਕ ਵਿਕਾਸ ਉਮੀਦਾਂ ਦੇ ਅਨੁਸਾਰ ਨਹੀਂ ਹੋ ਸਕਿਆ। ਪਾਣੀਆਂ ਅਤੇ ਵਾਤਾਵਰਣ ਨਾਲ ਜੁੜੀਆਂ ਚੁਣੌਤੀਆਂ ਵੀ ਗੰਭੀਰ ਹਨ। ਅਜਿਹੇ ਸਮੇਂ ਲੋਕਾਂ ਨੂੰ ਨਾਅਰਿਆਂ ਨਾਲੋਂ ਵੱਧ ਪ੍ਰਭਾਵਸ਼ਾਲੀ ਨੀਤੀਆਂ, ਜ਼ਿੰਮੇਵਾਰ ਲੀਡਰਸ਼ਿਪ ਅਤੇ ਸਾਂਝੇ ਯਤਨਾਂ ਦੀ ਲੋੜ ਹੈ।

ਇਹ ਵੀ ਸੱਚ ਹੈ ਕਿ ਏਕਤਾ ਦਾ ਮਤਲਬ ਹਰ ਹਾਲਤ ਵਿੱਚ ਇੱਕ ਹੀ ਪਾਰਟੀ ਬਣਾਉਣਾ ਨਹੀਂ ਹੁੰਦਾ। ਲੋਕਤੰਤਰ ਵਿੱਚ ਵੱਖ-ਵੱਖ ਪਾਰਟੀਆਂ ਦਾ ਹੋਣਾ ਸੁਭਾਵਿਕ ਹੈ। ਪਰ ਜਦੋਂ ਪੰਜਾਬ ਅਤੇ ਪੰਥ ਨਾਲ ਜੁੜੇ ਮਹੱਤਵਪੂਰਨ ਮੁੱਦਿਆਂ ਦੀ ਗੱਲ ਹੋਵੇ, ਤਾਂ ਘੱਟੋ-ਘੱਟ ਇੱਕ ਸਾਂਝਾ ਕਾਰਜਕ੍ਰਮ, ਸਾਂਝੀ ਰਣਨੀਤੀ ਅਤੇ ਆਪਸੀ ਸਹਿਯੋਗ ਦੀ ਭਾਵਨਾ ਤਾਂ ਵਿਕਸਤ ਕੀਤੀ ਹੀ ਜਾ ਸਕਦੀ ਹੈ। ਸੰਸਦ, ਵਿਧਾਨ ਸਭਾ ਜਾਂ ਜਨ-ਅੰਦੋਲਨਾਂ ਵਿੱਚ ਸਾਂਝਾ ਰੁਖ ਅਪਣਾਉਣਾ ਵੀ ਏਕਤਾ ਦਾ ਇੱਕ ਪ੍ਰਭਾਵਸ਼ਾਲੀ ਰੂਪ ਹੋ ਸਕਦਾ ਹੈ।

ਇਸ ਦੇ ਨਾਲ ਹੀ ਪੰਥਕ ਧਿਰਾਂ ਨੂੰ ਆਤਮ-ਮੰਥਨ ਦੀ ਵੀ ਲੋੜ ਹੈ। ਲੋਕ ਹੁਣ ਸਿਰਫ ਇਤਿਹਾਸਕ ਯੋਗਦਾਨ ਦੇ ਆਧਾਰ 'ਤੇ ਸਮਰਥਨ ਨਹੀਂ ਦਿੰਦੇ। ਉਹ ਪਾਰਦਰਸ਼ਤਾ, ਜਵਾਬਦੇਹੀ, ਨੌਜਵਾਨ ਲੀਡਰਸ਼ਿਪ,



ਮਹਿਲਾਵਾਂ ਦੀ ਭਾਗੀਦਾਰੀ ਅਤੇ ਵਿਕਾਸ ਲਈ ਸਪੱਸ਼ਟ ਯੋਜਨਾਵਾਂ ਵੀ ਦੇਖਣਾ ਚਾਹੁੰਦੇ ਹਨ। ਜੇਕਰ ਪੰਥਕ ਰਾਜਨੀਤੀ ਨੂੰ ਦੁਬਾਰਾ ਮਜਬੂਤ ਬਣਾਉਣਾ ਹੈ ਤਾਂ ਉਸ ਨੂੰ ਆਧੁਨਿਕ ਸਮੇਂ ਦੀਆਂ ਉਮੀਦਾਂ ਅਨੁਸਾਰ ਆਪਣੇ ਆਪ ਨੂੰ ਵੀ ਬਦਲਣਾ ਪਵੇਗਾ।

ਇਸ ਸੰਦਰਭ ਵਿੱਚ ਸਿਵਲ ਸੁਸਾਇਟੀ, ਧਾਰਮਿਕ ਸੰਸਥਾਵਾਂ, ਬੁੱਧੀਜੀਵੀਆਂ, ਕਿਸਾਨ ਸੰਗਠਨਾਂ, ਉਦਯੋਗਪਤੀਆਂ, ਨੌਜਵਾਨਾਂ ਅਤੇ ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਦੀ ਵੀ ਅਹਿਮ ਭੂਮਿਕਾ ਬਣਦੀ ਹੈ। ਉਹ ਸਿਰਫ ਦਰਸ਼ਕ ਬਣ ਕੇ ਨਾ ਰਹਿਣ, ਸਗੋਂ ਰਚਨਾਤਮਕ ਸੰਵਾਦ ਨੂੰ ਉਤਸਾਹਿਤ ਕਰਨ। ਜੇ ਸਮਾਜ ਵੱਲੋਂ ਸਾਂਝੇ ਮੁੱਦਿਆਂ 'ਤੇ ਇੱਕ ਮਜਬੂਤ ਲੋਕਮਤ ਤਿਆਰ ਹੁੰਦਾ ਹੈ, ਤਾਂ ਸਿਆਸੀ ਧਿਰਾਂ 'ਤੇ ਵੀ ਸਹਿਯੋਗ ਵੱਲ ਵਧਣ ਦਾ ਦਬਾਅ ਬਣ ਸਕਦਾ ਹੈ।

ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਕਿਸੇ ਵੀ ਏਕਤਾ ਦੀ ਸਫਲਤਾ ਦਾ ਆਧਾਰ ਕੇਵਲ ਚੋਣੀ ਗਣਿਤ ਨਹੀਂ ਹੋ ਸਕਦਾ। ਜੇਕਰ ਏਕਤਾ ਸਿਰਫ ਸੀਟਾਂ ਦੀ ਵੰਡ ਜਾਂ ਸੱਤਾ ਦੀ ਸਾਂਝ ਲਈ ਕੀਤੀ ਜਾਵੇ, ਤਾਂ ਉਹ ਲੰਬੇ ਸਮੇਂ ਤੱਕ ਨਹੀਂ ਚੱਲਦੀ। ਟਿਕਾਊ ਏਕਤਾ ਉਹੀ ਹੁੰਦੀ ਹੈ ਜੋ ਸਾਂਝੇ ਸਿਧਾਂਤਾਂ, ਆਪਸੀ ਸਤਿਕਾਰ, ਲੋਕਤੰਤਰੀ ਕਾਰਜ-ਪ੍ਰਣਾਲੀ ਅਤੇ ਲੋਕਾਂ ਦੀ ਭਲਾਈ ਦੇ ਸਪੱਸ਼ਟ ਏਜੰਡੇ 'ਤੇ ਖੜ੍ਹੀ ਹੋਵੇ। ਇਤਿਹਾਸ ਦੱਸਦਾ ਹੈ ਕਿ ਕੇਵਲ ਚੋਣੀ ਮਕਸਦ ਲਈ ਬਣੇ ਬਹੁਤ ਸਾਰੇ ਗਠਜੋੜ ਜ਼ਿਆਦਾ ਸਮਾਂ ਨਹੀਂ ਚੱਲੇ, ਜਦਕਿ ਸਾਂਝੇ ਉਦੇਸ਼ਾਂ 'ਤੇ ਅਧਾਰਿਤ ਸਹਿਯੋਗ ਵਧੇਰੇ ਟਿਕਾਊ ਸਾਬਤ ਹੋਇਆ ਹੈ।

ਸਵਾਲ ਇਹ ਨਹੀਂ ਕਿ ਪੰਥਕ ਸਿਆਸੀ ਧਿਰਾਂ ਦੀ ਏਕਤਾ ਸੰਭਵ ਹੈ ਜਾਂ ਨਹੀਂ। ਅਸਲ ਸਵਾਲ ਇਹ ਹੈ ਕਿ ਕੀ ਉਨ੍ਹਾਂ ਕੋਲ ਆਪਣੀਆਂ ਨਿੱਜੀ ਅਤੇ ਸੰਗਠਨਾਤਮਕ ਸੀਮਾਵਾਂ ਤੋਂ ਉੱਪਰ ਉੱਠ ਕੇ ਪੰਜਾਬ ਦੇ ਭਵਿੱਖ ਨੂੰ ਪਹਿਲ ਦੇਣ ਦਾ ਹੌਸਲਾ ਹੈ? ਜੇ ਇਸ ਦਾ ਜਵਾਬ ਹਾਂ ਵਿੱਚ ਹੈ, ਤਾਂ ਏਕਤਾ ਅਸੰਭਵ ਨਹੀਂ। ਪਰ ਜੇ ਨਿੱਜੀ ਹਿੱਤ ਅਤੇ ਅਹੁਦਿਆਂ ਦੀ ਦੌੜ ਹੀ ਪਹਿਲ ਰਹੇਗੀ, ਤਾਂ ਏਕਤਾ ਹਰ ਵਾਰ ਸਿਰਫ ਇੱਕ ਨਾਅਰਾ ਬਣ ਕੇ ਰਹਿ ਜਾਵੇਗੀ।

ਪੰਜਾਬ ਦਾ ਇਤਿਹਾਸ ਇਹ ਸਿਖਾਉਂਦਾ ਹੈ ਕਿ ਜਦੋਂ ਵੀ ਸਮਾਜ ਨੇ ਸਾਂਝੇ ਹਿੱਤ ਨੂੰ ਨਿੱਜੀ ਹਿੱਤ ਤੋਂ ਉੱਪਰ ਰੱਖਿਆ ਹੈ, ਉਸ ਨੇ ਵੱਡੀਆਂ ਚੁਣੌਤੀਆਂ ਨੂੰ ਵੀ ਪਾਰ ਕੀਤਾ ਹੈ। ਅੱਜ ਲੋੜ ਕਿਸੇ ਇੱਕ ਨੇਤਾ ਦੀ ਜਿੱਤ ਦੀ ਨਹੀਂ, ਸਗੋਂ ਪੰਜਾਬ ਦੀ ਜਿੱਤ ਦੀ ਹੈ। ਜੇ ਪੰਥਕ ਧਿਰਾਂ ਇਸ ਸੰਦੇਸ਼ ਨੂੰ ਸਮਝ ਲੈਣ, ਤਾਂ ਉਨ੍ਹਾਂ ਦੀ ਏਕਤਾ ਸਿਰਫ ਇੱਕ ਸਿਆਸੀ ਘਟਨਾ ਨਹੀਂ, ਸਗੋਂ ਪੰਜਾਬ ਦੇ ਰਾਜਨੀਤਿਕ ਇਤਿਹਾਸ ਦਾ ਇੱਕ ਨਵਾਂ ਅਤੇ ਸਕਾਰਾਤਮਕ ਅਧਿਆਇ ਸਾਬਤ ਹੋ ਸਕਦੀ ਹੈ।

ਪੈਟਰੋਲ ਵਿਚ ਏਥਨੋਲ ਮਿਲਾਉਣਾ ਪੰਜਾਬ ਦੀ ਕਿਸਾਨੀ ਲਈ ਲਾਹੇਵੰਦ

ਪੈਟਰੋਲ ਵਿਚ ਏਥਨੋਲ ਦੀ ਮਿਲਾਵਟ ਅੱਜ ਦੇ ਸਮੇਂ ਦੀ ਇੱਕ ਮਹੱਤਵਪੂਰਨ ਅਤੇ ਦੂਰਅੰਦੇਸ਼ੀ ਨੀਤੀ ਹੈ। ਏਥਨੋਲ ਗੰਨੇ, ਮੱਕੀ, ਟੁੱਟੇ ਚੌਲ



ਅਤੇ ਹੋਰ ਖੇਤੀਬਾੜੀ ਉਤਪਾਦਾਂ ਤੋਂ ਤਿਆਰ ਕੀਤਾ ਜਾਣ ਵਾਲਾ ਇਕ ਨਵਿਆਉਣਯੋਗ ਬਾਲਣ ਹੈ। ਇਸ ਨੂੰ ਪੈਟਰੋਲ ਵਿਚ ਮਿਲਾਉਣ ਨਾਲ ਹਵਾ ਪ੍ਰਦੂਸ਼ਣ ਵਿਚ ਕਮੀ ਆਉਂਦੀ ਹੈ, ਕਿਉਂਕਿ ਇਸ ਨਾਲ ਕਾਰਬਨ ਮੋਨੋਆਕਸਾਈਡ ਅਤੇ ਹੋਰ ਹਾਨੀਕਾਰਕ ਗੈਸਾਂ ਦਾ ਨਿਕਾਸ ਘੱਟ ਹੁੰਦਾ ਹੈ। ਇਸ ਤਰ੍ਹਾਂ ਇਹ ਵਾਤਾਵਰਣ ਦੀ ਸੁਰੱਖਿਆ ਅਤੇ ਜਲਵਾਯੂ ਪਰਿਵਰਤਨ ਦੀ ਚੁਣੌਤੀ ਨਾਲ ਨਜਿੱਠਣ ਵਿੱਚ ਵੀ ਸਹਾਇਕ ਸਾਬਤ ਹੁੰਦਾ ਹੈ।

ਭਾਰਤ ਵਰਗੇ ਦੇਸ ਲਈ, ਜੋ ਕੱਚੇ ਤੇਲ ਦੀਆਂ ਦਰਾਮਦਾਂ 'ਤੇ ਕਾਫੀ ਨਿਰਭਰ ਹੈ, ਏਥਨੋਲ ਦੀ ਵਰਤੋਂ ਵਿਦੇਸ਼ੀ ਮੁਦਰਾ ਦੀ ਬਚਤ ਕਰਨ ਅਤੇ ਊਰਜਾ ਸੁਰੱਖਿਆ ਨੂੰ ਮਜਬੂਤ ਬਣਾਉਣ ਦਾ ਇਕ ਪ੍ਰਭਾਵਸ਼ਾਲੀ ਸਾਧਨ ਹੈ। ਇਸ ਤੋਂ ਇਲਾਵਾ, ਏਥਨੋਲ ਦੇ ਉਤਪਾਦਨ ਨਾਲ ਕਿਸਾਨਾਂ ਨੂੰ ਆਪਣੀਆਂ ਫਸਲਾਂ ਦਾ ਵਧੀਆ ਮੁੱਲ ਮਿਲਦਾ ਹੈ ਅਤੇ ਖੇਤੀ ਨਾਲ ਜੁੜੇ ਉਦਯੋਗਾਂ ਨੂੰ ਵੀ ਉਤਸ਼ਾਹ ਮਿਲਦਾ ਹੈ। ਇਸ ਨਾਲ ਪੇਂਡੂ ਖੇਤਰਾਂ ਵਿਚ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੁੰਦੇ ਹਨ ਅਤੇ ਦੇਸ਼ ਦੀ ਆਰਥਿਕਤਾ ਨੂੰ ਵੀ ਲਾਭ ਹੁੰਦਾ ਹੈ।

ਹਾਲਾਂਕਿ, ਏਥਨੋਲ ਦੀ ਮਿਲਾਵਟ ਵਿਗਿਆਨਕ ਮਾਪਦੰਡਾਂ ਅਨੁਸਾਰ ਅਤੇ ਸੰਤੁਲਿਤ ਮਾਤਰਾ ਵਿਚ ਹੀ ਕੀਤੀ ਜਾਣੀ ਚਾਹੀਦੀ ਹੈ, ਤਾਂ ਜੋ ਵਾਹਨਾਂ ਦੀ ਕਾਰਗੁਜ਼ਾਰੀ ਪ੍ਰਭਾਵਿਤ ਨਾ ਹੋਵੇ। ਕੁੱਲ ਮਿਲਾ ਕੇ, ਪੈਟਰੋਲ ਵਿਚ ਏਥਨੋਲ ਦੀ ਮਿਲਾਵਟ ਇਕ ਅਜਿਹਾ ਕਦਮ ਹੈ ਜੋ ਵਾਤਾਵਰਣ ਦੀ ਰੱਖਿਆ, ਕਿਸਾਨਾਂ ਦੀ ਆਮਦਨ ਵਿਚ ਵਾਧਾ, ਊਰਜਾ ਆਤਮ ਨਿਰਭਰਤਾ ਅਤੇ ਦੇਸ਼ ਦੇ ਟਿਕਾਊ ਵਿਕਾਸ ਨੂੰ ਇਕੱਠੇ ਮਜਬੂਤ ਬਣਾਉਂਦਾ ਹੈ। ਇਸ ਲਈ ਇਸ ਨੀਤੀ ਨੂੰ ਉਤਸ਼ਾਹਿਤ ਕਰਨਾ ਸਮੇਂ ਦੀ ਲੋੜ ਹੈ।

ਪੰਜਾਬ ਕਾਂਗਰਸ ਦਾ ਕਲੇਸ਼ : ਪੰਜਾਬ ਵਿਚ ਪਾਰਟੀ ਦਾ ਭਵਿੱਖ ਕਿਧਰ ਨੂੰ?

ਪੰਜਾਬ ਕਾਂਗਰਸ ਇਕ ਵਾਰ ਫਿਰ ਅੰਦਰੂਨੀ ਖਿੱਚੋਤਾਣ ਅਤੇ ਧੜੇਬੰਦੀ ਦੇ ਦੌਰ ਵਿੱਚੋਂ ਲੰਘ ਰਹੀ ਹੈ। ਪਾਰਟੀ ਦੇ ਸੀਨੀਅਰ ਆਗੂਆਂ ਵਿਚਾਲੇ ਵਧਦਾ ਮਤਭੇਦ, ਲੀਡਰਸ਼ਿਪ ਨੂੰ ਲੈ ਕੇ ਅਸਹਿਮਤੀ ਅਤੇ ਜਨਤਕ ਬਿਆਨਬਾਜ਼ੀ ਨੇ ਨਾ ਸਿਰਫ ਪਾਰਟੀ ਦੀ ਏਕਤਾ ਨੂੰ ਝਟਕਾ ਦਿੱਤਾ ਹੈ, ਸਗੋਂ ਪੰਜਾਬ ਦੀ ਰਾਜਨੀਤੀ ਵਿੱਚ ਉਸ ਦੀ ਭਰੋਸੇਯੋਗਤਾ ਉੱਤੇ ਵੀ

ਸਵਾਲ ਖੜ੍ਹੇ ਕਰ ਦਿੱਤੇ ਹਨ। ਸਵਾਲ ਇਹ ਹੈ ਕਿ ਕੀ ਕਾਂਗਰਸ ਇਸ ਸੰਕਟ ਵਿੱਚੋਂ ਉਭਰ ਸਕੇਗੀ ਜਾਂ ਇਹ ਕਲੇਸ਼ ਪੰਜਾਬ ਵਿੱਚ ਪਾਰਟੀ ਦੇ ਭਵਿੱਖ ਨੂੰ ਹੋਰ ਕਮਜ਼ੋਰ ਕਰੇਗਾ?



ਕਾਂਗਰਸ ਦਾ ਇਤਿਹਾਸ ਦੱਸਦਾ ਹੈ ਕਿ ਇਹ ਪਾਰਟੀ ਵਿਚਾਰਧਾਰਾ ਅਤੇ ਸੰਗਠਨ ਦੇ ਬਲ 'ਤੇ ਕਈ ਵਾਰ ਮੁਸ਼ਕਲ ਦੌਰ ਵਿੱਚੋਂ ਬਾਹਰ ਨਿਕਲੀ ਹੈ। ਪਰ ਪੰਜਾਬ ਵਿਚ ਸਮੱਸਿਆ ਕੇਵਲ ਧੜੇਬੰਦੀ ਦੀ ਨਹੀਂ, ਸਗੋਂ ਸਾਂਝੀ ਰਣਨੀਤੀ ਦੀ ਘਾਟ ਦੀ ਵੀ ਹੈ। ਜਦੋਂ ਆਗੂ ਇਕ-ਦੂਜੇ ਨੂੰ ਹੀ ਨਿਸ਼ਾਨਾ ਬਣਾਉਣ ਲੱਗ ਪੈਣ ਤਾਂ ਵਿਰੋਧੀ ਧਿਰ ਦੀ ਭੂਮਿਕਾ ਕਮਜ਼ੋਰ ਹੋ ਜਾਂਦੀ ਹੈ ਅਤੇ ਸੱਤਾਧਾਰੀ ਪਾਰਟੀ ਨੂੰ ਰਾਜਨੀਤਿਕ ਲਾਭ ਮਿਲਦਾ ਹੈ।

ਅੱਜ ਪੰਜਾਬ ਕਾਂਗਰਸ ਕੋਲ ਤਜ਼ਰਬੇਕਾਰ ਅਤੇ ਲੋਕਪ੍ਰਿਯ ਆਗੂਆਂ ਦੀ ਘਾਟ ਨਹੀਂ ਹੈ। ਘਾਟ ਹੈ ਤਾਂ ਕੇਵਲ ਇਕ ਸਾਂਝੇ ਵਿਜਨ, ਅਨੁਸ਼ਾਸਨ ਅਤੇ ਸਮੂਹਿਕ ਲੀਡਰਸ਼ਿਪ ਦੀ। ਜੇਕਰ ਹਰ ਧੜਾ ਆਪਣੇ-ਆਪਣੇ ਸਿਆਸੀ ਹਿਤਾਂ ਨੂੰ ਹੀ ਪਹਿਲ ਦੇਵੇਗਾ ਤਾਂ ਆਮ ਵਰਕਰ ਦਾ ਮਨੋਬਲ ਟੁੱਟੇਗਾ ਅਤੇ ਪਾਰਟੀ ਦਾ ਸੰਗਠਨ ਹੋਰ ਕਮਜ਼ੋਰ ਹੋਵੇਗਾ।

ਪੰਜਾਬ ਦੀ ਸਿਆਸਤ ਵੀ ਤੇਜ਼ੀ ਨਾਲ ਬਦਲ ਰਹੀ ਹੈ। ਵੋਟਰ ਹੁਣ ਕੇਵਲ ਵੱਡੇ ਨਾਵਾਂ ਤੋਂ ਪ੍ਰਭਾਵਿਤ ਨਹੀਂ ਹੁੰਦਾ, ਸਗੋਂ ਉਹ ਕਾਰਗੁਜ਼ਾਰੀ, ਇਮਾਨਦਾਰੀ ਅਤੇ ਸਥਿਰਤਾ ਨੂੰ ਵੀ ਮਹੱਤਵ ਦਿੰਦਾ ਹੈ। ਅਜਿਹੇ ਮਾਹੌਲ ਵਿਚ ਜੇ ਕਾਂਗਰਸ ਆਪਣੀ ਅੰਦਰਨੀ ਲੜਾਈ ਵਿਚ ਹੀ ਉਲਝੀ ਰਹੀ ਤਾਂ ਉਹ ਆਪਣੇ ਆਪ ਨੂੰ ਇਕ ਮਜਬੂਤ ਵਿਕਲਪ ਵਜੋਂ ਪੇਸ਼ ਕਰਨ ਦਾ ਮੌਕਾ ਗੁਆ ਸਕਦੀ ਹੈ।

ਦੂਜੇ ਪਾਸੇ, ਇਹ ਵੀ ਸੱਚ ਹੈ ਕਿ ਪੰਜਾਬ ਵਿਚ ਕਾਂਗਰਸ ਦਾ ਅਜੇ ਵੀ ਇਕ ਮਜਬੂਤ ਵੋਟ ਆਧਾਰ, ਪੁਰਾਣਾ ਸੰਗਠਨ ਅਤੇ ਤਜ਼ਰਬੇਕਾਰ ਕਾਡਰ ਮੌਜੂਦ ਹੈ। ਜੇਕਰ ਪਾਰਟੀ ਹਾਈਕਮਾਨ ਸਮੇਂ ਸਿਰ ਦਖਲ ਦੇ ਕੇ ਸਾਰੇ ਧੜਿਆਂ ਵਿੱਚ ਤਾਲਮੇਲ ਕਾਇਮ ਕਰ ਸਕੇ, ਵਰਕਰਾਂ ਨੂੰ ਦੁਬਾਰਾ ਸਰਗਰਮ ਕਰੇ ਅਤੇ ਲੋਕ ਮੁੱਦਿਆਂ ਨੂੰ ਆਪਣੀ ਰਾਜਨੀਤੀ ਦਾ ਕੇਂਦਰ ਬਣਾਏ, ਤਾਂ ਕਾਂਗਰਸ ਦੀ ਵਾਪਸੀ ਦੀਆਂ ਸੰਭਾਵਨਾਵਾਂ ਨੂੰ ਨਕਾਰਿਆ ਨਹੀਂ ਜਾ ਸਕਦਾ।

ਆਉਣ ਵਾਲੇ ਸਮੇਂ ਵਿੱਚ ਪੰਜਾਬ ਕਾਂਗਰਸ ਦਾ ਭਵਿੱਖ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਕੀ ਪਾਰਟੀ ਵਿਅਕਤੀਗਤ ਮਹੱਤਵਾਕਾਂਖਾਵਾਂ ਤੋਂ ਉੱਪਰ ਉੱਠ ਕੇ ਸਮੂਹਿਕ ਲੀਡਰਸ਼ਿਪ ਦਾ ਮਾਡਲ ਅਪਣਾਉਂਦੀ ਹੈ ਜਾਂ ਨਹੀਂ। ਇਤਿਹਾਸ ਗਵਾਹ ਹੈ ਕਿ ਜਿਹੜੀਆਂ ਪਾਰਟੀਆਂ ਅੰਦਰੂਨੀ ਕਲੇਸ਼ ਨੂੰ ਸਮੇਂ ਸਿਰ ਕਾਬੂ ਨਹੀਂ ਕਰ ਸਕੀਆਂ, ਉਹ ਜਨਤਾ ਦਾ ਵਿਸ਼ਵਾਸ ਵੀ ਗੁਆ ਬੈਠੀਆਂ।

ਪੰਜਾਬ ਦੀ ਜਨਤਾ ਨੂੰ ਇਕ ਮਜਬੂਤ ਅਤੇ ਜ਼ਿੰਮੇਵਾਰ ਵਿਰੋਧੀ ਧਿਰ ਦੀ ਲੋੜ ਹੈ। ਜੇਕਰ ਕਾਂਗਰਸ ਇਸ ਭੂਮਿਕਾ ਨੂੰ ਨਿਭਾਉਣਾ ਚਾਹੁੰਦੀ ਹੈ ਤਾਂ ਉਸ ਨੂੰ ਆਪਣੇ ਅੰਦਰਲੇ ਟਕਰਾਵਾਂ ਤੋਂ ਉੱਪਰ ਉੱਠ ਕੇ ਏਕਤਾ, ਅਨੁਸ਼ਾਸਨ ਅਤੇ ਲੋਕ-ਹਿੱਤ ਨੂੰ ਪਹਿਲ ਦੇਣੀ ਹੋਵੇਗੀ। ਨਹੀਂ ਤਾਂ ਅੰਦਰੂਨੀ ਕਲੇਸ਼ ਦਾ ਇਹ ਸਿਲਸਿਲਾ ਪਾਰਟੀ ਨੂੰ ਪੰਜਾਬ ਦੀ ਰਾਜਨੀਤੀ ਦੇ ਹਾਸ਼ੀਏ ਵੱਲ ਧੱਕ ਸਕਦਾ ਹੈ।

ਪੰਜਾਬ ਕਾਂਗਰਸ ਸਾਹਮਣੇ ਅੱਜ ਚੁਣੌਤੀ ਸਿਰਫ ਚੋਣ ਜਿੱਤਣ ਦੀ ਨਹੀਂ, ਸਗੋਂ ਆਪਣੀ ਭਰੋਸੇਯੋਗਤਾ ਅਤੇ ਸੰਗਠਨਾਤਮਕ ਤਾਕਤ ਨੂੰ ਮੁੜ ਸਥਾਪਿਤ ਕਰਨ ਦੀ ਹੈ। ਇਹੀ ਫੈਸਲਾ ਕਰੇਗਾ ਕਿ ਆਉਣ ਵਾਲੇ ਸਾਲਾਂ ਵਿੱਚ ਪਾਰਟੀ ਪੰਜਾਬ ਦੀ ਰਾਜਨੀਤੀ ਦੀ ਕੇਂਦਰੀ ਤਾਕਤ ਬਣਦੀ ਹੈ ਜਾਂ ਆਪਣੇ ਹੀ ਅੰਦਰੂਨੀ ਕਲੇਸ਼ ਦੀ ਸ਼ਿਕਾਰ ਹੋ ਕੇ ਹੋਰ ਕਮਜ਼ੋਰ ਹੋ ਜਾਂਦੀ ਹੈ।

● ● ●

ਖੁਸ਼ਖ਼ਬਰੀ

ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।

ਜੁਲਾਈ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ



ਹਰਮਨਪ੍ਰੀਤ ਸਿੰਘ ਮੁਲਤਾਨੀ, ਜਨਰਲ ਸਕੱਤਰ

ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,

।। ਵਾਹਿਗੁਰੂ ਜੀ ਕਾ ਖਾਲਸਾ।।

।। ਵਾਹਿਗੁਰੂ ਜੀ ਕੀ ਫਤਹਿ।।

1. ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ - ਜੁਲਾਈ 2026 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਸ: ਸੁਰਜੀਤ ਸਿੰਘ, ਸੀਨੀ. ਮੈਨੇਜਰ (ਰਿਟਾ.) ਗ੍ਰਾਮੀਨ ਬੈਂਕ ਕਪੂਰਥਲਾ, ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ:-

ਜੁਲਾਈ ਮਹੀਨੇ ਦੀ ਕੁੱਲ ਆਮਦਨ 3,29,070.85/- ਰੁਪਏ

ਜੁਲਾਈ ਮਹੀਨੇ ਦਾ ਕੁੱਲ ਖਰਚਾ 3,48,822.63/- ਰੁਪਏ

ਸਮੂਹ ਮੈਂਬਰ ਸਾਹਿਬਾਨ ਜੀ ਦੀ ਜਾਣਕਾਰੀ ਹਿੱਤ ਮੁੱਖ-ਮੁੱਖ ਖਰਚਿਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਕਰਮਚਾਰੀਆਂ ਦਾ ਮਹੀਨਾਵਾਰ ਮਾਨਭੱਤਾ	**1,60,242.00**
ਲਿਫ਼ਟ ਦੀ ਮੁਰੰਮਤ ਅਤੇ ਮੈਂਟੀਨੈਂਸ ਦਾ ਖਰਚਾ	**16,800.00**
ਜੀ.ਐਸ.ਟੀ. ਦੀ ਅਦਾਇਗੀ	**54,998.00**
ਭਵਨ ਦੀਆਂ ਬਿਜਲੀ ਉਪਕਰਨ ਅਤੇ ਹੋਰ ਚੀਜ਼ਾਂ ਦਾ ਬੀਮੇ ਦੀ ਅਦਾਇਗੀ	**29,055.00**
ਬਿਜਲੀ ਦਾ ਬਿੱਲ	**13,639.00**
ਭਵਨ ਦੀ ਰੱਖਰਖਾ ਦਾ ਖਰਚਾ	**4,555.00**
ਲੁਬਾਣਾ ਸੇਵਕ ਰਸਾਲੇ ਦੀ ਮਹੀਨਾਵਾਰ ਛਪਾਈ ਦਾ ਖਰਚ	**23,880.00**
ਅੱਗ ਬੁਝਾਓ ਯੰਤਰਾਂ ਦੀ ਮੁਰੰਮਤ ਦੀ ਅਦਾਇਗੀ	**14,540.00**
ਸਾਵਣ ਮਹੀਨੇ ਦੀ ਸੰਗਰਾਂਦ ਅਤੇ ਮਹੀਨਾਵਾਰੀ ਪ੍ਰੋਹਣਾਚਾਰੀ ਦਾ ਖਰਚਾ	**24,192.00**
ਬੁਕਿੰਗ ਦੀ ਰਕਮ ਦੀ ਵਾਪਸੀ	**5,000.00**
ਫ਼ੁੱਟਕਲ ਖਰਚਾ	**1,921.63**
ਕੁੱਲ ਖਰਚਾ	**3,48,822.63**

2. ਜੁਲਾਈ (ਸਾਵਣ) ਮਹੀਨੇ ਦੀ ਸੰਗਰਾਂਦ ਦਾ ਪਾਵਨ ਸਮਾਗਮ - ਬਾਬਾ ਮੱਖਣ ਸਾਹ ਲੁਬਾਣਾ ਫਾਊਂਡੇਸਨ, ਸੈਕਟਰ 30ਏ, ਚੰਡੀਗੜ੍ਹ ਵਿਖੇ ਮਿਤੀ 16.07.2026 ਨੂੰ ਸਾਵਣ ਮਹੀਨੇ ਦੀ ਪਾਵਨ ਸੰਗਰਾਂਦ ਗੁਰਦੁਆਰਾ ਸਾਹਿਬ ਵਿਖੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਗਈ। ਇਸ ਪਵਿੱਤਰ ਮੌਕੇ 'ਤੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਗੁਰਦੁਆਰਾ ਸਾਹਿਬ ਵਿਖੇ ਹਾਜ਼ਰੀ ਭਰੀ ਅਤੇ ਗੁਰਬਾਣੀ ਕੀਰਤਨ ਅਤੇ ਅਰਦਾਸ ਵਿੱਚ ਸ਼ਾਮਲ ਹੋ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਸੰਗਤਾਂ ਵੱਲੋਂ ਪੂਰੀ ਸ਼ਰਧਾ ਨਾਲ ਗੁਰੂ ਘਰ ਵਿੱਚ ਮੱਥਾ ਟੇਕਿਆ ਗਿਆ ਅਤੇ ਸਾਵਣ ਮਹੀਨੇ ਦੀ ਸੰਗਰਾਂਦ ਦੇ ਆਧਿਆਤਮਿਕ ਮਹੱਤਵ ਨੂੰ ਯਾਦ ਕੀਤਾ ਗਿਆ। ਸਮਾਗਮ ਉਪਰੰਤ ਸੰਗਤ ਲਈ ਗੁਰੂ ਕਾ ਲੰਗਰ ਸ਼ਰਧਾ ਅਤੇ

ਪਿਆਰ ਨਾਲ ਵਰਤਾਇਆ ਗਿਆ। ਦੁਪਹਿਰ ਸੰਗਤ ਨੇ ਮਿਲ-ਜੁਲ ਕੇ ਲੰਗਰ ਛਕਿਆ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ। ਇਹ ਪਾਵਨ ਸਮਾਗਮ ਸੰਗਤ ਵਿੱਚ ਭਾਈਚਾਰੇ, ਸੇਵਾ ਅਤੇ ਗੁਰੂ ਪ੍ਰਤੀ ਸ਼ਰਧਾ ਦੀ ਭਾਵਨਾ ਨੂੰ ਹੋਰ ਮਜਬੂਤ ਕਰਨ ਵਾਲਾ ਰਿਹਾ।

3. **ਡੈਂਟਲ ਕਲੀਨਿਕ ਦੀ ਰਿਪੋਰਟ** - ਜੁਲਾਈ ਮਹੀਨੇ ਦੌਰਾਨ ਲੇਖਬੱਧ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, ਸੈਕਟਰ 30ਏ, ਚੰਡੀਗੜ੍ਹ ਵਿਖੇ ਚੱਲ ਰਹੇ ਡੈਂਟਲ ਕਲੀਨਿਕ ਵੱਲੋਂ ਸੰਗਤ ਅਤੇ ਲੋੜਵੰਦ ਲੋਕਾਂ ਨੂੰ ਬਹੁਤ ਹੀ ਵਧੀਆ ਅਤੇ ਸੱਤੋਜਨਕ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ। ਡਾ. ਅਕਸ਼ੈ ਠਾਕੁਰ, ਐਮ.ਡੀ.ਐਸ. ਵੱਲੋਂ ਇਹ ਕਲੀਨਿਕ ਬੜੀ ਮਿਹਨਤ, ਲਗਨ ਅਤੇ ਸੇਵਾ ਭਾਵਨਾ ਨਾਲ ਬਹੁਤ ਹੀ ਸੁਚੱਜੇ ਅਤੇ ਪ੍ਰਬੰਧਸ਼ਾਲੀ ਢੰਗ ਨਾਲ ਚਲਾਇਆ ਜਾ ਰਿਹਾ ਹੈ। ਡਾ. ਸਾਹਿਬ ਵੱਲੋਂ ਮਰੀਜ਼ਾਂ ਦੀ ਜਾਂਚ ਕਰਕੇ ਦੰਦਾਂ ਨਾਲ ਸੰਬੰਧਿਤ ਸਮੱਸਿਆਵਾਂ ਦਾ ਯੋਗ ਇਲਾਜ ਅਤੇ ਸਹੀ ਸਲਾਹ ਦਿੱਤੀ ਜਾਂਦੀ ਹੈ। ਇਸ ਕਲੀਨਿਕ ਦੀਆਂ ਸੇਵਾਵਾਂ ਦਾ ਵੱਡੀ ਗਿਣਤੀ ਵਿੱਚ ਲੋਕ ਲਾਭ ਉਠਾ ਰਹੇ ਹਨ ਅਤੇ ਉਨ੍ਹਾਂ ਨੂੰ ਦੰਦਾਂ ਦੀ ਸਿਹਤ ਸੰਬੰਧੀ ਸਮੱਸਿਆਵਾਂ ਤੋਂ ਰਾਹਤ ਮਿਲ ਰਹੀ ਹੈ। ਡਾ. ਅਕਸ਼ੈ ਠਾਕੁਰ ਜੀ ਦੀ ਨਿਸ਼ਕਾਮ ਸੇਵਾ, ਮਿਹਨਤ ਅਤੇ ਸਮਰਪਣ ਸ਼ਲਾਘਾਯੋਗ ਹੈ। ਲੇਖਬੱਧ ਭਵਨ ਵਿਖੇ ਇਹ ਕਲੀਨਿਕ ਲੋਕਾਂ ਦੀ ਸਿਹਤ ਅਤੇ ਭਲਾਈ ਲਈ ਇੱਕ ਬਹੁਤ ਹੀ ਮਹੱਤਵਪੂਰਨ ਅਤੇ ਲਾਭਦਾਇਕ ਸੇਵਾ ਸਾਬਤ ਹੋ ਰਿਹਾ ਹੈ।

4. **ਫ਼ਾਇਰ-ਫ਼ਾਇਟਿੰਗ ਦੀ ਐਨ.ਓ.ਸੀ ਬਾਰੇ ਸਬੰਧੀ ਰਿਪੋਰਟ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਚੰਡੀਗੜ੍ਹ ਵਿਖੇ ਫਾਇਰ ਫਾਈਟਿੰਗ ਦੀ ਐਨ.ਓ.ਸੀ. ਸਬੰਧੀ ਸਥਿਤੀ ਹਾਲੇ ਵੀ ਪਹਿਲਾਂ ਵਾਂਗ ਹੀ ਹੈ। ਹਾਲਾਂਕਿ, ਸਾਈਟ 'ਤੇ ਨਵਾਂ ਫਾਇਰ ਅਲਾਰਮ ਸਿਸਟਮ ਸਥਾਪਿਤ ਕਰ ਦਿੱਤਾ ਗਿਆ ਹੈ ਅਤੇ ਭਾਈ ਮਨੀ ਸਿੰਘ ਬਲਾਕ ਹੁਣ ਪੂਰੀ ਤਰ੍ਹਾਂ ਕਾਰਜਸ਼ੀਲ ਹੈ। ਇਮਾਰਤ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਲੋੜੀਂਦੇ ਪ੍ਰਬੰਧਾਂ ਵੱਲ ਲਗਾਤਾਰ ਧਿਆਨ ਦਿੱਤਾ ਜਾ ਰਿਹਾ ਹੈ। ਫਾਇਰ ਫਾਈਟਿੰਗ ਦੀ ਐਨ.ਓ.ਸੀ. ਨਾਲ ਸਬੰਧਿਤ ਕਿਸੇ ਵੀ ਨਵੀਂ ਪ੍ਰਗਤੀ ਜਾਂ ਵਿਕਾਸ ਬਾਰੇ ਸੰਗਤ ਅਤੇ ਜਨਤਾ ਨੂੰ ਸਮੇਂ-ਸਮੇਂ 'ਤੇ ਜਾਣੂ ਕਰਵਾਇਆ ਜਾਵੇਗਾ।

5. **ਰਿਵਾਈਜਡ ਬਿਲਡਿੰਗ ਪਲਾਨ ਅਤੇ ਐੱਸ.ਟੀ.ਐੱਮ. (ਈਸਟ) ਸਬੰਧੀ ਰਿਪੋਰਟ** - ਐਸ.ਡੀ.ਐਮ. (ਈਸਟ) ਦੀ ਅਦਾਲਤ ਵਿੱਚ ਚੱਲ ਰਹੇ ਕੇਸ ਦੀ ਅਗਲੀ ਪੇਸ਼ੀ ਸਤੰਬਰ 2026 ਨੂੰ ਹੈ। ਇਸ ਕੇਸ ਵਿੱਚ ਇਸ ਸਮੇਂ ਕੋਈ ਵਿਸ਼ੇਸ਼ ਪ੍ਰਗਤੀ ਨਹੀਂ ਹੋਈ ਹੈ। ਨਵੇਂ ਐਸ.ਡੀ.ਐਮ. ਸਾਹਿਬ ਨੇ ਅਹੁਦਾ ਸੰਭਾਲ ਲਿਆ ਹੈ ਅਤੇ ਉਨ੍ਹਾਂ ਵੱਲੋਂ ਭਰੋਸਾ ਦਿਵਾਇਆ ਗਿਆ ਹੈ ਕਿ ਜਿਵੇਂ ਹੀ ਰਿਵਾਈਜਡ ਬਿਲਡਿੰਗ ਡਰਾਇੰਗਜ ਨੂੰ ਸਬੰਧਤ ਸਟੇਟ ਦਫਤਰ ਤੋਂ ਮਨਜ਼ੂਰੀ ਪ੍ਰਾਪਤ ਹੋ ਜਾਂਦੀ ਹੈ, ਉਹ ਨਵੀਂ ਇਮਾਰਤ ਦੀ ਉਸਾਰੀ ਲਈ ਲੋੜੀਂਦੀ ਐਨ.ਓ.ਸੀ. ਜਾਰੀ ਕਰਨਗੇ ਅਤੇ ਨਾਲ ਹੀ ਚੱਲ ਰਹੇ ਕੇਸ ਦਾ ਵੀ ਨਿਪਟਾਰਾ ਕੀਤਾ ਜਾਵੇਗਾ। ਕੇਸ ਸਬੰਧੀ ਜੇਕਰ ਕੋਈ ਨਵਾਂ ਫੈਸਲਾ ਜਾਂ ਪ੍ਰਗਤੀ ਸਾਹਮਣੇ ਆਉਂਦੀ ਹੈ ਤਾਂ ਉਸ ਬਾਰੇ 'ਲੁਬਾਣਾ ਸੇਵਕ' ਰਾਹੀਂ ਸੰਗਤ ਨੂੰ ਜ਼ਰੂਰ ਜਾਣੂ ਕਰਵਾਇਆ ਜਾਵੇਗਾ।

ਰਿਵਾਈਜਡ ਬਿਲਡਿੰਗ ਡਰਾਇੰਗਜ ਸਬੰਧੀ ਇਹ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਇਮਾਰਤ ਨਾਲ ਸਬੰਧਤ ਸਾਰੀਆਂ ਨਵੀਆਂ ਡਰਾਇੰਗਜ ਅਤੇ ਫਾਇਰ ਫਾਈਟਿੰਗ ਡਰਾਇੰਗਜ ਸਬੰਧਤ ਦਫਤਰ ਵਿੱਚ ਅਪਲੋਡ ਕਰ ਦਿੱਤੀਆਂ ਗਈਆਂ ਹਨ। ਆਰਕੀਟੈਕਟ ਸਾਹਿਬ ਦੇ ਅਨੁਸਾਰ ਆਉਣ ਵਾਲੇ 25 ਤੋਂ 30 ਦਿਨਾਂ ਦੇ ਅੰਦਰ-ਅੰਦਰ ਡਰਾਇੰਗਜ ਨੂੰ ਮਨਜ਼ੂਰੀ (ਸੈਂਕਸ਼ਨ) ਮਿਲਣ ਦੀ ਉਮੀਦ ਹੈ।

6. **ਭਵਨ ਵਿਚ ਕੀਤੇ ਕੰਮਾਂ ਬਾਰੇ ਜਾਣਕਾਰੀ** - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸਨ (ਰਜਿ.), ਸੈਕਟਰ-30ਏ, ਚੰਡੀਗੜ੍ਹ ਵੱਲੋਂ ਭਵਨ ਦੀ ਸਾਂਭ-ਸੰਭਾਲ, ਸੁਚੱਜੇ ਪ੍ਰਬੰਧ ਅਤੇ ਸੁਰੱਖਿਆ ਨੂੰ ਵਿਸ਼ੇਸ਼ ਤਰਜੀਹ ਦਿੱਤੀ ਜਾ ਰਹੀ ਹੈ। ਜੁਲਾਈ ਮਹੀਨੇ ਦੌਰਾਨ ਭਵਨ ਨਾਲ ਸਬੰਧਤ ਜੀ.ਐਸ.ਟੀ. ਅਤੇ ਬੀਮੇ (Insurance) ਦੀਆਂ ਲੋੜੀਂਦੀਆਂ ਅਦਾਇਗੀਆਂ ਕੀਤੀਆਂ ਗਈਆਂ।

ਇਸ ਤੋਂ ਇਲਾਵਾ ਭਵਨ ਵਿੱਚ ਸੁਵਿਧਾਵਾਂ ਨੂੰ ਹੋਰ ਬਿਹਤਰ ਬਣਾਉਣ ਦੇ ਉਦੇਸ਼ ਨਾਲ ਲਿਫਟ ਵਿੱਚ ਐਗਜੌਸਟ ਫੈਨ ਲਗਾਏ ਗਏ। ਇਸ ਦੇ ਨਾਲ ਹੀ ਭਵਨ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਫਾਇਰ-ਫਾਈਟਿੰਗ ਪ੍ਰਬੰਧਾਂ ਦੀ ਲੋੜੀਂਦੀ ਵਿਵਸਥਾ ਕੀਤੀ ਜਾ ਰਹੀ ਹੈ। ਅੱਗ ਤੋਂ ਸੁਰੱਖਿਆ ਸਬੰਧੀ ਉਪਕਰਨਾਂ ਦੀ ਨਿਯਮਿਤ ਜਾਂਚ-ਪੜਤਾਲ ਅਤੇ ਰੱਖ-ਰਖਾਅ ਨੂੰ ਵੀ ਯਕੀਨੀ ਬਣਾਇਆ ਜਾ ਰਿਹਾ ਹੈ।

ਫਾਊਂਡੇਸ਼ਨ ਵੱਲੋਂ ਭਵਨ ਦੀ ਸੁਰੱਖਿਆ, ਸਾਂਭ-ਸੰਭਾਲ ਅਤੇ ਸੰਗਤ ਦੀਆਂ ਸਹੂਲਤਾਂ ਵਿੱਚ ਨਿਰੰਤਰ ਸੁਧਾਰ ਲਈ ਲੋੜ ਅਨੁਸਾਰ ਕਾਰਜ ਕੀਤੇ ਜਾ ਰਹੇ ਹਨ।

● ● ●

ਮਿੱਠਾ ਬੋਲੋ, ਨਿਵ ਚਲੋ, ਹਥੋਂ ਦੇ ਕੇ ਭਲਾ ਮਨਾਵੋ।।

ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

ਅਮਨ ਨਗਰ ਦੇ ਇਸ ਘਰ ਵਿਚ ਅੱਗੇ-ਪਿੱਛੇ ਛੱਡੇ ਵਿਹੜਿਆਂ ਵਿਚ ਘਾਦਾਰ ਲਾਅਨ ਅਤੇ ਫੁੱਲ ਬੂਟੇ ਲਾਉਣ ਦਾ ਅਵਸਰ ਅਤੇ ਖੁੱਲ੍ਹਾ ਸਮਾਂ ਮਿਲ ਗਿਆ। ਘਰ ਦੇ ਬਾਹਰ ਵਾਰ ਇਕ ਛੋਟਾ ਜਿਹਾ ਕਿਚਨ ਗਾਰਡਨ ਵੀ ਹੈ ਜਿਥੇ ਕੁਝ ਮੌਸਮੀ ਸਬਜ਼ੀਆਂ ਲੱਗੀਆਂ ਵਿਖਾਈ ਦੇਂਦੀਆਂ ਹਨ। ਇਨ੍ਹਾਂ ਫੁੱਲ ਬੂਟਿਆਂ ਦੀ ਦੇਖ-ਰੇਖ ਦਾ ਸਿਹਰਾ ਬੀਬੀ ਸੁਰਜੀਤ ਕੌਰ ਨੂੰ ਜਾਂਦਾ ਹੈ। ਉਹ ਫੁੱਲ ਬੂਟਿਆਂ ਨੂੰ ਬਹੁਤ ਪਿਆਰ ਕਰਦੇ ਸਨ। ਮਾਲੀ ਦੇ ਅਕਸਰ ਵੇਲੇ ਸਿਰ ਨਾ ਆਉਣ ਕਰਕੇ ਖੁਦ ਆਪ ਖੁਰਪਾ, ਕੱਟਰ ਅਤੇ ਪਾਣੀ ਵਾਲੀ ਪਾਈਪ ਫੜ ਕੇ ਲੱਗੇ ਹੁੰਦੇ ਸਨ। ਸੰਨ 2000 ਅਤੇ 2001 ਵਿਚ ਦੋ ਸਾਲ ਲਗਾਤਾਰ ਘਰ ਵਿਚ ਲੱਗੇ ਫੁੱਲ ਬੂਟਿਆਂ ਨਾਲ ਰੈਡ ਕਾਸ ਭਵਨ ਵਿਖੇ ਫਲਾਵਰ ਸ਼ੋ ਮੁਕਾਬਲੇ ਵਿਚ ਢੇਰ ਸਾਰੇ ਇਨਾਮ ਜਿਤਦੇ ਰਹੇ। ਫੁਲ ਤੋੜਨ ਵਾਲੇ ਬੱਚਿਆਂ ਅਤੇ ਵੱਡਿਆਂ ਨੂੰ ਭਾਈ ਵੀਰ ਸਿੰਘ ਜੀ ਦੀ ਫੁਲਾਂ ਬਾਰੇ ਲਿਖੀ ਕਵਿਤਾ ਦੀਆਂ ਲਾਈਨਾਂ ਸੁਣਾਇਆ ਕਰਦੇ ਸਨ :-

ਡਾਲੀ ਨਾਲੋਂ ਤੋੜ ਨਾ ਸਾਨੂੰ, ਅਸਾਂ ਹਟ ਮਹਿਕ ਦੀ ਲਾਈ।
ਲੱਖ ਗਾਹਕ ਜੇ ਸੁੰਘੇ ਆ ਕੇ, ਖਾਲੀ ਇਕ ਨਾ ਜਾਈ।
ਤੂੰ ਜੇ ਇਕ ਤੋੜ ਕੇ ਲੈ ਗਿਉਂ, ਇਕ ਜੋਗਾ ਰਹਿ ਜਾਸਾਂ।
ਉਹ ਭੀ ਪਲਕ-ਝਲਕ ਦਾ ਮੇਲਾ, ਰੂਪ ਮਹਿਕ ਨਸ ਜਾਈ।

ਘਰ ਵਿਚ ਇਸ ਵੇਲੇ ਮੌਸਮੀ ਫੁਲਾਂ ਦੇ ਨਾਲ-ਨਾਲ ਤਿਨ ਫਲਦਾਰ ਅਤੇ ਲੱਗਭਗ ਇਕ ਦਰਜਨ ਸਜਾਵਟੀ ਪੇੜ-ਪੌਦੇ ਹਨ।

ਸਾਈਕਸ ਪਾਮ (Sycas Palm) ਕੰਗੀ ਪਾਮ : ਘਰ ਦੇ ਲਾਅਨ ਵਿਚ ਲੱਗਾ ਇਹ ਪਾਮ 1970 ਤੋਂ ਵੀ ਪਹਿਲਾਂ ਦਾ ਸਾਡੇ ਨਾਲ ਰਿਹਾ ਹੈ। ਇਕ ਵਾਰੀ ਦਿੱਲੀ ਗਈ ਮੇਰੀ ਪਤਨੀ ਨੂੰ ਮੇਰੇ ਮਿੱਤਰ ਸੰਧੂ ਜੀ ਦੀ ਮਿਸਜ਼ ਨੇ ਇਹ ਇਕ ਛੋਟੇ ਜਿਹੇ ਗਮਲੇ ਵਿਚ ਲਾ ਕੇ ਗਿਫਟ ਵਜੋਂ ਦਿੱਤਾ ਸੀ। ਹੁਣ ਇਹ ਪਰਿਵਾਰ ਦਾ ਇਕ ਮੈਂਬਰ ਹੈ। ਇਸ ਵਿੱਚੋਂ ਨਿਕਲੇ ਛੋਟੇ ਪੌਦੇ ਸਾਰੇ ਬੱਚਿਆਂ ਅਤੇ ਦੋਸਤਾਂ ਮਿੱਤਰਾਂ ਦੇ ਘਰਾਂ ਵਿਚ ਜਾ ਕੇ ਸਜਾਵਟੀ ਪਾਮ ਬਣੇ ਬੈਠੇ ਨੇ। ਇਸ ਦੇ ਗੂਹੜੇ ਹਰੇ ਰੰਗ ਦੇ ਚਮਕੀਲੇ ਸੁੰਦਰ ਪੱਤਿਆਂ ਦੀ ਗੁਲਦਸਤੇ ਬਨਾਉਣ ਵਾਲਿਆਂ ਵੱਲੋਂ ਸਾਰਾ ਸਾਲ ਬੜੀ ਮੰਗ ਰਹਿੰਦੀ ਹੈ। ਇਕ ਹੋਰ ਸਧਾਰਨ ਪਾਮ ਦਾ ਪੌਦਾ ਗਮਲੇ ਵਿਚੋਂ ਕੱਢ ਕੇ ਜ਼ਮੀਨ ਵਿਚ ਗੱਡ ਦਿੱਤਾ ਸੀ। ਜੋ ਹੁਣ 15 ਫੁੱਟ ਉੱਚਾ ਮੋਟਾ ਰੁੱਖ ਬਣ ਗਿਆ ਹੈ। ਪਾਮ ਬਹੁਤੀ ਛੇੜ-ਛਾੜ ਨੂੰ ਪਸੰਦ ਨਹੀਂ ਕਰਦੇ।

ਬਾਟਲ ਬਰੱਸ਼ (Bottle Brush) : ਘਰ ਤੋਂ ਬਾਹਰ ਗੇਟ ਤੇ ਘਰ ਆਉਣ ਵਾਲਿਆਂ ਨੂੰ ਸਿਰ ਝੁਕਾ ਕੇ ਜੀ ਆਇਆਂ ਕਹਿੰਦਾ ਹੈ। ਇਸ ਨੂੰ ਸਾਲ ਵਿਚ ਦੋ ਵਾਰ ਫੁਲ ਲੱਗਦੇ ਹਨ। ਅਪ੍ਰੈਲ-ਮਈ ਵਿਚ ਫੁੱਲਾਂ ਨਾਲ ਲੱਦੇ ਇਸ ਬੂਟੇ ਨੂੰ ਰਾਹੀ ਰੁਕ-ਰੁਕ ਕੇ ਵੇਖਦੇ ਹਨ। ਵਣ ਵਿਭਾਗ ਵਾਲੇ ਇਸ ਬੂਟੇ ਤੇ ਆਪਣਾ ਨੰਬਰ ਲਾ ਗਏ ਹਨ।

ਕਰਿਸਮੱਸ ਟਰੀ (X-Mas Tree) : ਘਰ ਦੇ ਦੂਜੇ ਗੇਟ ਵੱਲ ਇਕ ਬਹੁਤ ਹੀ ਸੁੰਦਰ ਅਤੇ ਹਰਿਆ ਭਰਿਆ ਕਰਿਸਮੱਸ ਰੁੱਖ ਹੈ ਜੋ ਘਰ ਦੀ ਸ਼ਾਨ ਨੂੰ ਦੋ-ਬਾਲਾ ਕਰਦਾ ਹੈ ਅਤੇ ਮਾਲੀ ਲਈ ਮਾਨ ਵਾਲੀ ਗੱਲ ਹੈ। ਉਸ ਦੇ ਨਾਲ ਹੀ ਇਕ 20 ਫੁੱਟ ਉੱਚਾ ਸਾਫ਼-ਸੁਥਰਾ ਪਾਮ ਦਾ ਰੁੱਖ ਹੈ ਜੋ ਗਮਲੇ ਵਿਚੋਂ ਕੱਢ ਕੇ ਲਾਇਆ ਗਿਆ ਸੀ ਪਰ ਹੁਣ ਵਧਣੋਂ ਰੁਕਣ ਦਾ ਨਾਂ ਨਹੀਂ ਲੈਂਦਾ।

ਹਬਿਸਕੱਸ (Hibiscus) : ਇਸ ਨੂੰ (China Rose) ਵੀ ਕਹਿੰਦੇ ਹਨ। ਬੂਟਾ ਸਿੱਧੀ ਧੁੱਪ ਮੰਗਦਾ ਹੈ। ਸਰਦੀਆਂ ਵਿਚ ਟਾਹਣੀਆਂ ਕੱਟ ਦੇਵੋ। ਬਸੰਤ ਰੁਤ ਵਿਚ ਨਵੇਂ ਪੱਤੇ ਨਿਕਲ ਆਉਂਦੇ ਹਨ। ਮਿੱਟੀ ਗਿਲੀ ਰੱਖੀ ਜਾਵੇ। ਟਾਹਣੀਆਂ ਕੱਟ ਕੇ ਕਲਮਾਂ ਲਾ ਕੇ ਨਵੇਂ ਬੂਟੇ ਉਗਾਏ ਜਾ ਸਕਦੇ ਹਨ।

ਬੋਗੇਨਵਿਲੀਆ (Bougainvillea) : ਚਿੱਟੇ, ਗੁਲਾਬੀ, ਸੰਗਤਰੀ ਅਤੇ ਚਿੱਟੇ-ਗੁਲਾਬੀ ਦੋ ਰੰਗਾਂ ਵਾਲੇ ਵੀ ਮਿਲਦੇ ਹਨ। ਸਾਲ ਵਿਚ ਦੋ ਵਾਰ ਜੂਨ ਅਤੇ ਨਵੰਬਰ ਦੇ ਮਹੀਨੇ ਵਿਚ ਫੁਲ ਦੇਂਦੇ ਹਨ। ਤਿੰਨ ਮਹੀਨੇ ਪਹਿਲਾਂ ਪਾਣੀ ਦੇਣਾ ਬੰਦ ਕਰ ਦੇਵੋ।

ਰੁਕਮੰਜਨੀ (Lagerstroemia) : ਇਸ ਬੂਟੇ ਦੇ ਸਿਆਲ ਵਿਚ ਪੱਤੇ ਝੜ ਜਾਂਦੇ ਹਨ। ਮਈ ਮਹੀਨੇ ਤੱਕ ਨਵੇਂ ਪਤਿਆਂ ਨਾਲ ਬੂਟੇ ਭਰ ਜਾਂਦੇ ਹਨ। ਜੂਨ ਤੋਂ ਅਗਸਤ ਤੱਕ ਗੁਲਾਬੀ, ਲਾਲ ਅਤੇ ਚਿੱਟੇ ਰੰਗ ਦੇ ਫੁਲ ਲੱਗਦੇ ਹਨ।

ਕੈਲੰਡਰਾ (Calendra) : ਸਾਰਾ ਸਾਲ ਲਾਲ ਜਾਂ ਗੁਲਾਬੀ ਰੰਗ ਦੇ ਸੁੰਦਰ ਫੁੱਲ ਦੇਣ ਲਈ ਬਾਹਰ ਕਿਆਰੀ ਵਿਚ ਲੱਗਾ ਹੈ।

(ਚਲਦਾ)

* * * * *

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ ਅਤੇ ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ ਦੁਆਰਾ ਪੁਸਤਕ ਸ਼ਹੀਦਾਨਿ-ਵਫ਼ਾ ਅਤੇ ਰੰਜਿ-ਸ਼ਹੀਦਾਂ ਨੂੰ ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।
- ਭਗਵਾਨ ਸਿੰਘ ਲੁਬਾਣਾ

109.

ਹਮ ਜਾਨ ਦੇ ਕੇ ਔਰੋਂ ਕੀ ਜਾਨੇਂ ਬਚਾ ਚਲੇ।
ਸਿੱਖੀ ਕੀ ਨੀਂਵ ਹਮ ਹੈਂ ਸਰੋਂ ਪੇ ਉਠਾ ਚਲੇ।
ਗੁਰਿਆਈ ਕਾ ਹੈ ਕਿੱਸਾ ਜਹਾਂ ਮੇਂ ਬਨਾ ਚਲੇ।
ਸਿੰਘੋਂ ਕੀ ਸਲਤਨਤ ਕਾ ਹੈਂ ਪੌਦਾ ਲਗਾ ਚਲੇ।
ਗੱਦੀ ਸੇ ਤਾਜੋ-ਤਖ਼ਤ ਬਸ ਅਬ ਕੌਮ ਪਾਏਗੀ।
ਦੁਨੀਆ ਮੇਂ ਜ਼ਾਲਮੋਂ ਕਾ ਨਿਸ਼ਾਂ ਤਕ ਮਿਟਾਏਗੀ।

ਅਸੀਂ ਆਪਣੀ ਜਾਨ ਵਾਰ ਕੇ ਦੂਜਿਆਂ ਦੀਆਂ ਜਾਨਾਂ ਬਚਾ ਚੱਲੇ ਹਾਂ। ਆਪਣੇ ਸਿਰ ਦੇ ਕੇ ਸਿੱਖੀ ਦੀ ਨੀਂਹ ਉਸਾਰ ਚੱਲੇ ਹਾਂ। ਸੰਸਾਰ ਵਿਚ ਗੁਰਿਆਈ ਦਾ ਪ੍ਰਸੰਗ ਬਣਾ ਚੱਲੇ ਹਾਂ ਅਤੇ ਖ਼ਾਲਸਾ ਪੰਥ ਦੇ ਰਾਜ-ਭਾਗ ਦਾ ਪੌਦਾ ਲਗਾ ਚੱਲੇ ਹਾਂ। ਹੁਣ ਕੌਮ ਗੁਰਿਆਈ ਦੀ ਥਾਂ ਤਾਜ ਤੇ ਤਖ਼ਤ ਮਾਣੇਗੀ ਅਤੇ ਸੰਸਾਰ ਦੇ ਨਕਸ਼ੇ ਤੋਂ ਜ਼ਾਲਮਾਂ ਦਾ ਨਿਸ਼ਾਨ ਤੱਕ ਮਿਟਾ ਦੇਵੇਗੀ।

110.

ਠੋਡੀ ਤਕ ਈਂਟੇ ਚਿਨ ਦੀ ਗਈਂ, ਮੂੰਹ ਤੱਕ ਆ ਗਈਂ।
ਬੀਨੀ ਕੋ ਢਾਂਪਤੇ ਹੀ ਵੁਹ ਆਂਖੋਂ ਪੇ ਛਾ ਗਈਂ।
ਹਰ ਚਾਂਦ ਸੀ ਜਬੀਂ ਕੋ ਗ੍ਰਹਨ ਲਗਾ ਗਈਂ।
ਲਖ਼ਤਿ-ਜਿਗਰ ਗੁਰੂ ਕੇ ਵੁਹ ਦੋਨੋਂ ਛੁਪਾ ਗਈਂ।
'ਜੋਗੀ ਜੀ' ਇਸ ਕੇ ਬਾਅਦ ਹੂਈ ਥੋੜ੍ਹੀ ਦੇਰ ਥੀ।
ਬਸਤੀ ਸਰਹਿੰਦ ਸ਼ਹਿਰ ਕੀ, ਈਂਟੋਂ ਕਾ ਢੇਰ ਥੀ।

ਦੀਵਾਰ ਦੀ ਉਸਾਰੀ ਉੱਚੀ ਹੁੰਦੀ ਜਾਰਹੀ ਸੀ। ਇੱਟਾਂ ਠੋਡੀ ਤੱਕ ਆ ਗਈਆਂ, ਹੁਣ ਮੂੰਹ ਤੱਕ ਪੁੱਜ ਗਈਆਂ। ਨੱਕ ਢੱਕੇ ਗਏ ਅਤੇ ਹੁਣ ਅੱਖਾਂ ਨੂੰ ਵੀ ਉੱਸਰ ਰਹੀ ਦੀਵਾਰ ਨੇ ਢੱਕ ਲਿਆ। ਇੰਜ ਪ੍ਰਤੀਤ ਦੇ ਰਿਹਾ ਸੀ ਜਿਵੇਂ ਲਾਲਾਂ ਦੇ ਚੰਦਰਮਾ ਜਿਹੇ ਮੱਥਿਆਂ ਨੂੰ ਗ੍ਰਹਿਣ ਲੱਗ ਗਿਆ ਹੋਵੇ ਅਤੇ ਫਿਰ ਉੱਸਰ ਰਹੀ ਕੰਧ ਨੇ ਗੁਰੂ ਜੀ ਦੇ ਦੋਹਾਂ ਦਿਲ ਦੇ ਟੁਕੜਿਆਂ ਨੂੰ ਆਪਣੇ ਉਹਲੇ ਛਿਪਾ ਲਿਆ। ਜੋਗੀ ਜੀ ਲਿਖਦੇ ਹਨ ਕਿ ਇਹ ਸਾਕਾ ਵਾਪਰੇ ਥੋੜ੍ਹਾ ਹੀ ਸਮਾਂ ਹੋਇਆ ਸੀ ਕਿ ਸਰਹਿੰਦ ਸ਼ਹਿਰ ਦੀ ਬਸਤੀ ਇੱਟਾਂ ਦਾ ਢੇਰ ਬਣ ਗਈ ਸੀ।

ਰੰਜਿ-ਸ਼ਹੀਦਾਂ
(ਸਾਕਾ ਚਮਕੌਰ ਸਾਹਿਬ)

1.

ਜਿਸ ਦਮ ਹੂਏ ਚਮਕੌਰ ਮੇਂ ਸਿੰਘੋਂ ਕੇ ਉਤਾਰੇ।
ਝੱਲਾਏ ਹੂਏ ਸ਼ੇਰ ਥੇ ਸਭ, ਗੈਜ਼ ਕੇ ਮਾਰੇ।
ਆਖੋਂ ਸੇ ਨਿਕਲਤੇ ਥੇ, ਦਲੇਰੋਂ ਕੇ ਸ਼ਰਾਰੇ।
ਸਤਿਗੁਰ ਕੇ ਸਿਵਾ ਔਰ ਗ਼ਜ਼ਬਨਾਕ ਥੇ ਸਾਰੇ।
ਗੁੱਸੇ ਸੇ ਨਜ਼ਰ ਜਾਤੀ ਥੀ, ਅਫ਼ਵਾਜਿ-ਅਦੂ ਪਰ।

ਤੇਗ਼ੇ ਸੇ ਨਿਗਾਹ ਪੜਤੀ ਥੀ, ਦੁਸ਼ਮਨ ਕੇ ਗਲੂ ਪਰ।

ਜਦੋਂ ਖ਼ਾਲਸਾ ਫ਼ੌਜ ਨੇ ਚਮਕੌਰ ਵਿਚ ਆਣ ਕੇ ਉਤਾਰਾ ਕੀਤਾ ਤਾਂ ਜੋਸ਼ ਵਿਚ ਆਏ ਹੋਏ ਸਿੰਘ ਗੁੱਸੇ ਨਾਲ ਭਰੇ-ਪੀਤੇ ਪਏ ਸਨ। ਸੂਰਮਿਆਂ ਦੀਆਂ ਅੱਖਾਂ ਵਿਚੋਂ ਮਾਨੋਂ ਭਾਂਬੜ ਨਿਕਲ ਰਹੇ ਸਨ। ਗੁਰੂ ਸਾਹਿਬ ਬੇਸ਼ਕ ਸ਼ਾਂਤ-ਚਿੱਤ ਸਨ, ਪ੍ਰੰਤੂ ਬਾਕੀ ਸਾਰੇ ਹੀ ਭਾਰੀ ਰੋਹ ਵਿਚ ਦਿੱਸ ਰਹੇ ਸਨ। ਵੈਰੀ ਦਲਾਂ ਵੱਲ ਬੜੇ ਗੁੱਸੇ ਨਾਲ ਵੇਖ ਰਹੇ ਸਨ ਅਤੇ ਇਨ੍ਹਾਂ ਦੀਆਂ ਤਲਵਾਰਾਂ ਦੀ ਨਿਗਾਹ ਵੀ ਦੁਸ਼ਮਣ ਦੇ ਗਲਾਂ ਉੱਤੇ ਸੀ।

2.

ਜਬ ਦੂਰ ਸੇ ਦਰਿਆ ਕੇ ਕਿਨਾਰੇ ਨਜ਼ਰ ਆਏ।
ਡੂਬੇ ਹੂਏ ਸਰਸਾ ਮੇਂ, ਪਿਆਰੇ ਨਜ਼ਰ ਆਏ।
ਯੇਹ ਦੇਖ ਕੇ ਬਿਗੜੇ ਹੂਏ ਸਾਰੇ ਨਜ਼ਰ ਆਏ।
ਬਿੱਫਰੇ ਹੂਏ ਸਤਿਗੁਰ ਕੇ ਦੁਲਾਰੇ ਨਜ਼ਰ ਆਏ।
ਕਹਿਤੇ ਥੇ ਇਜਾਜ਼ਤ ਨਹੀਂ ਹੈ ਹਮੇਂ ਰਨ ਕੀ।
ਮੱਟੀ ਤਕ ਉੜਾ ਸਕਤੇ ਹੈਂ, ਦੁਸ਼ਮਨ ਕੇ ਚਮਨ ਕੀ।

ਜਦੋਂ ਦੂਰ ਨਿਗਾਹ ਮਾਰ ਕੇ ਵੇਖਿਆ ਤਾਂ ਦਰਿਆ ਦੇ ਕੰਢੇ ਨਜ਼ਰੀਂ ਪਏ। ਸਰਸਾ ਦੇ ਪਾਣੀਆਂ ਵਿਚ ਪਿਆਰੇ ਸਾਥੀ ਵੀ ਡੁੱਬੇ ਹੋਏ ਵੇਖੇ, ਜਿਸ ਨਾਲ ਸਭ ਬੜੇ ਅਵਾਜ਼ਾਰ ਹੋਏ। ਸਤਿਗੁਰਾਂ ਦੇ ਸਹਿਬਜ਼ਾਦੇ ਵੀ ਬੜੇ ਗੁੱਸੇ ਵਿਚ ਦਿਖਾਈ ਦੇ ਰਹੇ ਸਨ, ਜੋ ਕਹਿ ਰਹੇ ਸਨ ਕਿ ਸਾਨੂੰ ਅਜੇ ਲੜਨ ਦੀ ਆਗਿਆ ਨਹੀਂ, ਵਰਨਾ ਵੈਰੀਆਂ ਦੇ ਦਲਾਂ ਦੀਆਂ ਧੂੜਾਂ ਉਡਾ ਕੇ ਰੱਖ ਦੇਈਏ।

3.

ਤੂਫ਼ਾਂ-ਜ਼ਦਾ ਦਰਿਆ ਕੋ, ਅਭੀ ਪਾਰ ਕਰੇਂਗੇ।
ਠੋਕਰ ਸੇ ਹਰ ਇਕ ਮੌਜ ਕੋ, ਹਮਵਾਰ ਕਰੇਂਗੇ।
ਬਦ-ਅਹਿਦ ਸਿਤਮਗਾਰੋਂ ਸੇ, ਪੈਕਾਰ ਕਰੇਂਗੇ।
ਹਮ ਦੋਨੋਂ ਤੋ ਦਸ ਲਾਖ ਕੋ ਫ਼ਿੱਨਾਰ ਕਰੇਂਗੇ।
ਦਾਦੀ ਹੈ ਕਿਧਰ ਮਾਂਏਂ ਕਿਧਰ, ਭਾਈ ਕਹਾਂ ਹੈਂ?
ਆਂਖੋਂ ਸੇ ਕਈ ਖ਼ਾਲਸੇ ਪਿਆਰੇ ਭੀ ਨਿਹਾਂ ਹੈਂ।

ਹੁਣੇ ਹੀ ਅਸੀਂ ਠਾਠਾਂ ਮਾਰ ਰਹੇ ਦਰਿਆ ਨੂੰ ਪਾਰ ਕਰਾਂਗੇ। ਅਸੀਂ ਦਰਿਆ ਦੀ ਹਰੇਕ ਲਹਿਰ ਨੂੰ ਪੈਰ ਦੀ ਠੋਹਕਰ ਨਾਲ ਬਰਾਬਰ ਕਰ ਦਿਆਂਗੇ। ਵਾਅਦਾ ਤੋੜਨ ਵਾਲੇ ਜ਼ਾਲਮਾਂ ਨਾਲ ਐਸੀ ਜੰਗ ਕਰਾਂਗੇ ਕਿ ਅਸੀਂ ਦੋਵੇਂ ਹੀ ਦਸ ਲੱਖ ਦੀ ਸੈਨਾ ਨੂੰ ਤਬਾਹ ਕਰਕੇ ਰੱਖ ਦਿਆਂਗੇ। ਸਾਡੀ ਦਾਦੀ ਮਾਂ ਕਿੱਥੇ ਹੈ, ਮਾਤਾਵਾਂ ਅਤੇ ਭਰਾ ਕਿੱਥੇ ਹਨ? ਇਸ ਤੋਂ ਬਿਨਾਂ ਅਨੇਕਾਂ ਪਿਆਰੇ ਸਿੰਘ ਵੀ ਦਿਖਾਈ ਨਹੀਂ ਦੇ ਰਹੇ।

4.

ਧੋਖਾ ਦੀਆ ਹਰ ਸਿੰਘ ਕੋ, ਪੈਮਾਂ-ਸ਼ਿਕਨੋਂ ਨੇ।
ਬੇ-ਮਿਹਰੋਂ ਨੇ, ਬੇ-ਧਰਮੋਂ ਨੇ, ਈਮਾਂ-ਸ਼ਿਕਨੋਂ ਨੇ।
ਜਬ ਇਤਨਾ ਕਹਾ, ਜੁੱਲ ਦੀਆ ਅਹਿਸਾਂ-ਸ਼ਿਕਨੋਂ ਨੇ।
ਪੇਸ਼ਾਨੀ ਪੇ ਬਲ ਡਾਲੇ, ਪਰੇਸ਼ਾਂ-ਸ਼ਿਕਨੋਂ ਨੇ।
ਥੇ ਚੀਂ-ਬਜ਼ਬੀਂ ਲਹਿਰ ਯਾ ਸ਼ੀਸ਼ੇ ਮੇਂ ਪੜੀ ਥੀ।
ਮਾਥੇ ਪੈ ਪਸੀਨਾ ਥਾ, ਯਾ ਅਫਸ਼ਾਂ ਸੀ ਜੜੀ ਥੀ।

ਹਰ ਇਕ ਸਿੰਘ ਨੂੰ ਵਾਅਦਾ ਤੋੜਨ ਵਾਲੇ, ਬੇਦਰਦਾਂ, ਅਧਰਮੀਆਂ ਅਤੇ ਬੇਈਮਾਨਾਂ ਨੇ ਧੋਖਾ ਦਿੱਤਾ। ਜਦੋਂ ਇਤਨੀ ਗੱਲ ਆਖੀ ਕਿ ਅਹਿਸਾਨ ਭੁਲਾਣ ਵਾਲਿਆਂ ਨੇ ਦਗਾ ਕੀਤਾ ਹੈ ਤਾਂ ਪਰੇਸ਼ਾਨੀਆਂ ਨੂੰ ਦੂਰ ਕਰਨ ਵਾਲੇ ਸਿੰਘਾਂ ਦੇ ਮੱਥੇ ਉੱਤੇ ਗੁੱਸੇ ਨਾਲ ਤਿਊੜੀਆਂ ਪੈ ਗਈਆਂ। ਮੱਥੇ ਉੱਤੇ ਪਏ ਵੱਟ ਇੰਜ ਲੱਗਦੇ ਸਨ ਜਿਵੇਂ ਪਾਣੀ ਵਿਚ ਲਹਿਰਾਂ ਉਭਰੀਆਂ ਹੋਈਆਂ ਹੋਣ। ਯੋਧਿਆਂ ਦੇ ਮੱਥੇ ਉੱਤੇ ਆਇਆ ਪਸੀਨਾ ਮੀਂਹ ਦੀਆਂ ਕਣੀਆਂ ਵਾਂਗ ਜਾਪ ਰਿਹਾ ਸੀ।

(ਚਲਦਾ)

ਮਿੱਠਾ ਬੋਲੋ, ਨਿਵ ਚਲੋ, ਹਥੋਂ ਦੇ ਕੇ ਭਲਾ ਮਨਾਵੋ।।


ਕੈਂਸਰ ਦਾ ਇਲਾਜ : ਖ਼ੁਰਾਕ ਅਤੇ ਕਸਰਤ ਦੀ ਮਹੱਤਤਾ

ਨਵਪ੍ਰੀਤ ਕੌਰ

ਕੈਂਸਰ ਦੇ ਡਾਕਟਰੀ ਇਲਾਜ ਦੇ ਨਾਲ-ਨਾਲ ਚੰਗੀ ਖ਼ੁਰਾਕ ਅਤੇ ਕਸਰਤ ਮਰੀਜ਼ ਦੇ ਜਲਦੀ ਸਿਹਤਯਾਬ ਹੋਣ ਵਿਚ ਬਹੁਤ ਹੱਦ ਤੱਕ ਮਦਦਗਾਰ ਸਾਬਤ ਹੋ ਸਕਦੀ ਹੈ। ਇਹ ਮਰੀਜ਼ ਨੂੰ ਇਕ ਸਿਹਤਮੰਦ ਅਤੇ ਸਰਗਰਮ ਜੀਵਨ-ਸ਼ੈਲੀ ਅਪਣਾ ਕੇ ਆਮ ਜ਼ਿੰਦਗੀ ਅਤੇ ਰੋਜ਼ਾਨਾ ਦੇ ਕੰਮਾਂ ਵਿਚ ਸਾਥੀਆਂ, ਦੋਸਤਾਂ ਅਤੇ ਪਰਿਵਾਰ ਨਾਲ ਜਲਦੀ ਹੀ ਦੁਬਾਰਾ ਵਿਚਰਣ ਲਈ ਸਹਾਇਕ ਹੁੰਦੀ ਹੈ।

ਸਿਹਤਮੰਦ ਖ਼ੁਰਾਕ - ਕੁਪੋਸ਼ਣ ਤੋਂ ਬਚਾਅ

ਕੈਂਸਰ ਦੇ ਮਰੀਜ਼ ਦੀ ਸਿਹਤ ਲਈ ਬਹੁਤ ਜ਼ਰੂਰੀ ਹੈ ਕਿ ਇਲਾਜ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਵਿਚ ਚੰਗੀ ਖ਼ੁਰਾਕ ਦਾ ਸੇਵਨ ਕਰੇ। ਇਲਾਜ ਦੌਰਾਨ ਮਰੀਜ਼ ਆਮ ਤੌਰ 'ਤੇ ਕੁਪੋਸ਼ਣ ਦਾ ਸ਼ਿਕਾਰ ਹੋ ਜਾਂਦੇ ਹਨ। ਕੁਪੋਸ਼ਣ ਨਾਲ ਮਰੀਜ਼ ਦੇ ਇਲਾਜ, ਸਰੀਰਕ ਤੇ ਮਾਨਸਿਕ ਤਾਕਤ ਅਤੇ ਸਿਹਤਯਾਬ ਹੋਣ ਵਿਚ ਲੱਗਣ ਵਾਲੇ ਸਮੇਂ 'ਤੇ ਬਹੁਤ ਅਸਰ ਪੈਂਦਾ ਹੈ। ਸਰੀਰਕ ਲੋੜ ਤੋਂ ਘੱਟ ਭੋਜਨ ਦਾ ਸੇਵਨ, ਗਲਤ ਕਿਸਮ ਦਾ ਖਾਣਾ, ਸਰੀਰ ਦਾ ਭੋਜਨ ਨੂੰ ਪਚਾ ਨਾ ਸਕਣਾ ਜਾਂ ਜ਼ਰੂਰੀ ਤੱਤਾਂ ਨੂੰ ਨਾ ਸੋਖ ਸਕਣਾ ਕੁਪੋਸ਼ਣ ਦੇ ਕੁਝ ਅਹਿਮ ਕਾਰਨ ਹਨ।



ਕੈਂਸਰ ਦੌਰਾਨ ਮਰੀਜ਼ ਨੂੰ ਕਈ ਵਾਰ ਲੋੜੀਂਦਾ ਜਾਂ ਸਹੀ ਕਿਸਮ ਦਾ ਭੋਜਨ ਖਾਣ ਵਿਚ ਕਠਿਨਾਈ ਹੁੰਦੀ ਹੈ, ਜਿਸ ਦੇ ਕੁਝ ਕਾਰਨ ਹਨ :

* ਸਿਰ, ਗਰਦਨ, ਭੋਜਨ ਨਾਲੀ, ਪੇਟ ਆਦਿ ਦੇ ਕੈਂਸਰ ਦਾ ਭੋਜਨ ਨੂੰ ਨਿਗਲਣ ਅਤੇ ਪਚਾਉਣ ਦੀ ਸਮਰੱਥਾ 'ਤੇ ਅਸਰ ਪੈਂਦਾ ਹੈ।

* ਕੈਂਸਰ ਦੇ ਕੁਝ ਇਲਾਜ ਜਿਵੇਂ ਕਿ ਆਪਰੇਸ਼ਨ, ਕੀਮੋਥਰੇਪੀ, ਰੇਡਿਉਥਰੇਪੀ ਨਾਲ ਸਰੀਰ ਲਈ ਲੋੜੀਂਦੀ ਊਰਜਾ ਅਤੇ ਪ੍ਰੋਟੀਨ ਦੀ ਮਾਤਰਾ ਵਿਚ ਵਾਧਾ ਹੋ ਸਕਦਾ ਹੈ।

* ਕਈ ਵਾਰ ਇਲਾਜ ਕਾਰਨ ਹੋਣ ਵਾਲੇ ਬੁਰੇ ਪ੍ਰਭਾਵ ਜਿਵੇਂ : ਕੱਚਾਪਣ ਮਹਿਸੂਸ ਹੋਣਾ, ਉਲਟੀਆਂ ਅਤੇ ਦਸਤ ਭੋਜਨ ਖਾਣ ਵਿਚ ਮੁਸ਼ਕਲ ਪੈਦਾ ਕਰਦੇ ਹਨ ਜਾਂ ਖਾਧਾ ਹੋਇਆ ਭੋਜਨ ਸਹੀ ਤਰੀਕੇ ਨਾਲ ਹਜ਼ਮ ਨਹੀਂ ਹੁੰਦਾ।

* ਹਸਪਤਾਲ ਵਿਚ ਲੰਮੇ ਸਮੇਂ ਤੱਕ ਰਹਿਣ ਨਾਲ ਵੀ ਖਾਣਾ ਖਾਣ ਦੀ ਇੱਛਾ ਅਤੇ ਸਮਰੱਥਾ 'ਤੇ ਬੁਰਾ ਪ੍ਰਭਾਵ ਪੈ ਸਕਦਾ ਹੈ।

* ਬਿਮਾਰੀ ਅਤੇ ਕੈਂਸਰ ਪੀੜ੍ਹਤ ਹੋਣ ਦੇ ਅਹਿਸਾਸ ਨਾਲ ਬੇਚੈਨੀ ਅਤੇ ਡਿਪਰੈਸ਼ਨ ਪੈਦਾ ਹੋ ਸਕਦਾ ਹੈ ਜਿਸ ਦਾ ਮਰੀਜ਼ ਦੀ ਭੋਜਨ ਖਾਣ ਦੀ ਇੱਛਾ 'ਤੇ ਅਸਰ ਪੈਂਦਾ ਹੈ।

ਸਰੀਰ ਵਿਚ ਕੁਪੋਸ਼ਣ ਹੋਣ ਜਾਂ ਪੈਦਾ ਹੋਣ ਦੇ ਖ਼ਤਰੇ ਦੇ ਕਈ ਸੰਕੇਤ ਮਿਲ ਸਕਦੇ ਹਨ ਜਿਵੇਂ :

* ਭੁੱਖ ਘੱਟ ਲੱਗਣਾ

* ਬਿਨਾਂ ਕਾਰਨ ਤੋਂ ਭਾਰ ਘਟਣਾ

* ਬਹੁਤ ਥੋੜ੍ਹਾ ਖਾਣ 'ਤੇ ਹੀ ਪੇਟ ਭਰਿਆ ਲੱਗਣਾ

* ਮੂੰਹ ਜਾਂ ਗਲੇ ਵਿਚ ਦਰਦ ਜਾਂ ਸੁੱਕਾਪਣ ਮਹਿਸੂਸ ਹੋਣਾ

* ਭੋਜਨ ਚਿੱਥਣ ਜਾਂ ਨਿਗਲਣ ਵਿਚ ਤਕਲੀਫ਼ ਹੋਣੀ

* ਸੁੰਘਣ ਅਤੇ ਸਵਾਦ ਲੈਣ ਦੀ ਸਮਰੱਥਾ ਵਿਚ ਪਰਿਵਰਤਨ

* ਦਸਤ ਲੱਗਣੇ ਜਾਂ ਕਬਜ਼ ਹੋਣੀ

* ਕੱਚਾਪਣ ਅਤੇ ਉਲਟੀ ਆਉਣੀ

* ਬਹੁਤ ਜਲਦੀ ਜਾਂ ਹਮੇਸ਼ਾ ਥਕਾਵਟ ਮਹਿਸੂਸ ਹੋਣਾ

ਇਨ੍ਹਾਂ ਚਿੰਨ੍ਹਾਂ ਵੱਲ ਧਿਆਨ ਦੇਣਾ ਅਤੇ ਕੁਪੋਸ਼ਣ ਦਾ ਜਲਦੀ ਇਲਾਜ ਕਰਨਾ, ਕੈਂਸਰ ਦੇ ਮਰੀਜ਼ ਦੀ ਸਿਹਤ ਵਿਚ ਸੁਧਾਰ ਲਈ ਬਹੁਤ ਜ਼ਰੂਰੀ ਹੈ। ਜੇਕਰ ਇਹ ਲੱਛਣ ਪ੍ਰਗਟ ਹੋਣ ਲੱਗਣ ਤਾਂ ਡਾਕਟਰ ਦੀ ਸਲਾਹ ਨਾਲ ਸਰੀਰ ਵਿਚ ਜ਼ਰੂਰੀ ਤੱਤਾਂ ਦੀ ਜਾਂਚ ਕਰਵਾਉ ਅਤੇ ਕੁਪੋਸ਼ਣ ਦਾ ਇਲਾਜ ਸ਼ੁਰੂ ਕਰੋ। ਕੁਪੋਸ਼ਣ ਦੇ ਇਲਾਜ ਲਈ ਡਾਕਟਰੀ ਸਲਾਹ ਦੇ ਨਾਲ –

* ਭੋਜਨ ਵਿਚ ਊਰਜਾ ਅਤੇ ਪ੍ਰੋਟੀਨ ਭਰਪੂਰ ਪਦਾਰਥ ਜ਼ਿਆਦਾ ਗਿਣਤੀ ਵਿਚ ਸ਼ਾਮਲ ਕਰੋ।

* ਸਿਹਤਮੰਦ ਤਰਲ ਪਦਾਰਥ, ਖਾਸ ਤੌਰ 'ਤੇ ਦੁੱਧ ਨਾਲ ਬਣੇ ਹੋਏ (ਕਿਉਂਕਿ ਇਨ੍ਹਾਂ ਵਿਚ ਪ੍ਰੋਟੀਨ ਦੀ ਮਾਤਰਾ ਜ਼ਿਆਦਾ ਹੁੰਦੀ ਹੈ) ਦਾ ਸੇਵਨ ਕਰੋ।

* ਦਿਨ ਵਿਚ ਕਈ ਵਾਰ ਥੋੜ੍ਹੀ ਮਾਤਰਾ ਵਿਚ ਖਾਣਾ ਖਾਉ।

* ਭੋਜਨ ਵਿਚ ਅਸਾਨੀ ਨਾਲ ਚਿੱਥੇ ਜਾਂ ਨਿਗਲੇ ਜਾ ਸਕਣ ਵਾਲੇ ਪਦਾਰਥ ਸ਼ਾਮਲ ਕਰੋ।

* ਜ਼ਰੂਰਤ ਪੈਣ 'ਤੇ ਪੌਸ਼ਟਿਕਤਾ ਪੂਰਨ ਤਰਲ ਪਦਾਰਥ ਲੈ ਸਕਦੇ ਹੋ।

ਕੈਂਸਰ ਦੌਰਾਨ ਆਮ ਤੌਰ 'ਤੇ ਕਿਸੇ ਖਾਸ ਖੁਰਾਕ ਦੀ ਜ਼ਰੂਰਤ ਨਹੀਂ ਹੁੰਦੀ ਇਸ ਲਈ ਜ਼ਰੂਰੀ ਹੈ ਕਿ ਹਰ ਸ਼੍ਰੇਣੀ ਦਾ ਖਾਣਾ ਭੋਜਨ ਵਿਚ ਸ਼ਾਮਲ ਕੀਤਾ ਜਾਵੇ।

ਕੈਂਸਰ ਦੌਰਾਨ ਕਸਰਤ ਦੇ ਲਾਭ - ਕਸਰਤ ਦਾ ਇਕ ਆਮ ਫਾਇਦਾ ਇਹ ਹੈ ਕਿ ਇਹ ਕੈਂਸਰ ਹੋਣ ਦਾ ਖ਼ਤਰਾ ਘਟਾ ਸਕਦੀ ਹੈ ਪਰ ਇਹ ਵੀ ਪ੍ਰਮਾਣਿਤ ਹੈ ਕਿ ਕਸਰਤ ਕੈਂਸਰ ਦੇ ਜ਼ਿਆਦਾਤਰ ਮਰੀਜ਼ਾਂ ਲਈ ਇਲਾਜ ਦੌਰਾਨ ਵੀ ਕਾਫੀ ਲਾਭਵੰਦ ਹੈ। ਇਹ ਮਰੀਜ਼ ਨੂੰ ਇਲਾਜ ਦੇ ਮਾੜੇ ਪ੍ਰਭਾਵਾਂ ਨਾਲ ਸਿੱਝਣ ਵਿਚ ਮਦਦ ਕਰਦੀ ਹੈ। ਕੈਂਸਰ ਦੇ ਬਹੁਤੇ ਮਰੀਜ਼ ਆਮ ਤੌਰ 'ਤੇ ਇਲਾਜ ਦੌਰਾਨ ਕਿਸੇ ਨਾ ਕਿਸੇ ਕਿਸਮ ਦੀ ਕਸਰਤੀ ਗਤੀਵਿਧੀ ਵਿਚ ਭਾਗ ਲੈ ਸਕਦੇ ਹਨ। ਕੁਝ ਮਰੀਜ਼ਾਂ ਨੂੰ ਕਿਸੇ ਖਾਸ ਤਬਦੀਲੀ ਜਾਂ ਕਸਰਤ ਸ਼ੁਰੂ ਕਰਨ ਲਈ ਸਹੀ ਸਮੇਂ ਦੀ ਉਡੀਕ ਕਰਨ ਦੀ ਲੋੜ ਹੁੰਦੀ ਹੈ ਇਸ ਲਈ ਕੋਈ ਵੀ ਕਸਰਤ ਸ਼ੁਰੂ ਕਰਨ ਤੋਂ ਪਹਿਲਾਂ ਡਾਕਟਰ ਦੀ ਸਲਾਹ ਜ਼ਰੂਰ ਲਉ। ਕਸਰਤ ਕਰਨ ਨਾਲ ਕੈਂਸਰ ਦੇ ਮਰੀਜ਼ ਨੂੰ ਕਈ ਲਾਭ ਪ੍ਰਾਪਤ ਹੁੰਦੇ ਹਨ ਜਿਵੇਂ –

* ਮਾਸਪੇਸ਼ੀਆਂ ਦੀ ਤਾਕਤ ਵਿਚ ਵਾਧਾ

* ਸਰੀਰਕ ਸ਼ਕਤੀ ਵਧਣਾ ਅਤੇ ਕੈਂਸਰ ਕਾਰਨ ਹੋਣ ਵਾਲੀ ਥਕਾਵਟ ਘੱਟ ਮਹਿਸੂਸ ਹੋਣਾ

* ਹੱਡੀਆਂ ਦੀ ਘਣਤਾ ਅਤੇ ਜੋੜਾਂ ਦੀ ਹਰਕਤ ਕਰਨ ਦੀ ਸੀਮਾ ਦਾ ਬਿਹਤਰ ਹੋਣਾ

* ਸਰੀਰ ਵਿਚ ਖ਼ੂਨ ਦਾ ਵਹਾਅ ਅਤੇ ਸਾਹ ਦਰ ਦਾ ਵਧਣਾ

* ਕੀਮੋਥੈਰੇਪੀ ਕਾਰਨ ਹੋਣ ਵਾਲੇ ਕੱਚੇਪਣ ਅਤੇ ਉਲਟੀ ਦਾ ਘਟਣਾ

* ਬਿਹਤਰ ਭੁੱਖ ਲੱਗਣਾ

* ਸਕੂਨ ਭਰੀ ਨੀਂਦ ਆਉਣਾ

* ਪਾਚਣ-ਸ਼ਕਤੀ ਵਿਚ ਸੁਧਾਰ ਅਤੇ ਕਬਜ਼ ਘਟਣਾ

* ਤਣਾਉ ਅਤੇ ਬੇਚੈਨੀ ਦੀ ਅਵਸਥਾ ਵਿਚ ਕਮੀ

* ਮਨੋਦਸ਼ਾ ਵਿਚ ਸੁਧਾਰ

* ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਤਾਕਤ ਵਿਚ ਵਾਧਾ

ਇਹ ਲਾਭ ਮਰੀਜ਼ ਨੂੰ ਜਲਦੀ ਸਿਹਤਯਾਬ ਹੋਣ ਵਿਚ ਮਦਦ ਕਰ ਸਕਦੇ ਹਨ ਅਤੇ ਇਲਾਜ ਕਾਰਨ ਆਮ ਤੌਰ 'ਤੇ ਹੋਣ ਵਾਲੇ ਮਾੜੇ ਪ੍ਰਭਾਵਾਂ ਦਾ ਅਸਰ ਵੀ ਘਟਾ ਸਕਦੇ ਹਨ।

ਕਸਰਤ ਲਈ ਕੁਝ ਸੁਝਾਅ

* ਕਸਰਤ ਸ਼ੁਰੂ ਕਰਨ ਤੋਂ ਪਹਿਲਾਂ ਲੋੜੀਂਦੀਆਂ ਤਬਦੀਲੀਆਂ ਜਾਂ ਸਾਵਧਾਨੀਆਂ ਬਾਰੇ ਡਾਕਟਰ ਦੀ ਸਲਾਹ ਜ਼ਰੂਰ ਲਉ।

* ਰੋਜ਼ਾਨਾ ਘੱਟ ਤੋਂ ਘੱਟ 30 ਮਿੰਟ ਕਸਰਤ ਜਾਂ ਸਰੀਰਕ ਗਤੀਵਿਧੀਆਂ ਕਰਨ ਦੀ ਕੋਸ਼ਿਸ਼ ਕਰੋ। ਇਹ ਦਿਨ ਵਿਚ ਤਿੰਨ ਵਾਰ 10-10 ਮਿੰਟ ਲਈ ਵੀ ਹੋ ਸਕਦੀਆਂ ਹਨ।

* ਜੇਕਰ ਬਹੁਤ ਸਮੇਂ ਤੋਂ ਆਰਾਮ ਦੀ ਹਾਲਤ ਵਿਚ ਹੀ ਹੋ ਜਾਂ ਸਰੀਰ ਵਿਚ ਤਾਕਤ ਦੀ ਕਮੀ ਮਹਿਸੂਸ ਹੁੰਦੀ ਹੈ ਤਾਂ ਘੱਟ ਪੱਧਰ ਤੋਂ ਸ਼ੁਰੂ ਕਰਕੇ ਹੌਲੀ-ਹੌਲੀ ਕਸਰਤ ਦੀ ਤੀਬਰਤਾ ਵਧਾਉ।

* ਜੇਕਰ ਕਿਸੇ ਦਿਨ ਕਸਰਤ ਦਾ ਮਨ ਨਹੀਂ ਹੈ ਤਾਂ ਫਿਰ ਵੀ ਸਰੀਰ ਨੂੰ ਥੋੜ੍ਹਾ ਬਹੁਤ ਹਿਲਾਉਣ ਦੀ ਕੋਸ਼ਿਸ਼ ਜ਼ਰੂਰ ਕਰੋ।

* * * * *

ਜ਼ਿੰਦਗੀ ਨੂੰ ਖੁੱਲ੍ਹੀ ਕਿਤਾਬ ਨਾ ਬਣਾਓ, ਕਿਉਂਕਿ ਲੋਕਾਂ ਨੂੰ ਪੜ੍ਹਨ ਵਿਚ ਨਹੀਂ ਵਰਕੇ ਪਾੜ੍ਹਣ ਵਿਚ ਸੁਆਦ ਆਉਂਦਾ ਹੈ।

ਕਾਵਿ-ਕਿਆਰੀ

ਕਵਿਤਾ / ਕਵਿਤਾ ਦਾ ਜਨਮ

ਸੁਰਿੰਦਰ ਮਕਸੂਦਪੁਰੀ



ਜਦੋਂ ਮੇਰੇ ਅੰਦਰ ਉਗਮਦੇ
ਗਰਭ ਦੀ ਜੂਨ ਹੰਢਾਉਂਦੇ
ਸਾਰਥਿਕ ਸ਼ਬਦਾਂ ਨੇ
ਕਵਿਤਾ ਦੇ ਪੁੰਗਰਦੇ ਬੀਜਾਂ ਨੂੰ
ਪ੍ਰੇਰਨਾ ਦਾ ਪਾਣੀ ਦੇ ਕੇ ਸਿੰਜਿਆ
ਤਾਂ ਜ਼ਿਹਨ ਦੀ ਜਰਖੇਜ਼ ਜ਼ਮੀਨ 'ਤੇ
ਕਾਵਿਸ਼ਾਰੀ ਚਸ਼ਮੇ ਫੁੱਟ ਆਏ
ਹਰੀਆਂ ਕਚੂਰ ਕੋਮਲ ਪੱਤੀਆਂ ਸੰਗ
ਸੁੰਦਰ-ਸਜੀਲੇ, ਮਹਿਕਦੇ-ਟਹਿਕਦੇ
ਹੱਸਦੇ ਹਸਾਉਂਦੇ ਫੁੱਲ ਖਿੜ ਆਏ।


ਜਦੋਂ ਫੁੱਲਾਂ ਦੇ ਮਖ਼ਮਲੀ ਬਦਨ 'ਤੇ
ਸ਼ਬਨਮ ਦੇ ਚਾਂਦੀ ਰੰਗੇ ਚਮਕਦੇ-ਦਮਕਦੇ
ਮਾਣਕ ਮੋਤੀ ਆ ਟਪਕੇ
ਤਾਂ ਕਾਵਿ-ਅਹਿਸਾਸਾਂ ਦੀਆਂ ਕਲੀਆਂ
ਜਿਵੇਂ ਜੋਬਨ ਦੇ ਬਾਗੀਂ ਆ ਖਿੜੀਆਂ
ਪੱਤਾ-ਪੱਤਾ ਮੁਸਕਰਾਉਣ ਲੱਗਾ
ਗੀਤ ਮਹਿਕ ਦੇ ਗਾਉਣ ਲੱਗਾ
ਤੇ ਫਿਰ
ਸ਼ਬਦਾਂ, ਫੁੱਲਾਂ ਤੇ ਸ਼ਬਨਮ ਦੇ
ਸੁਹਜਮਈ ਸੁਮੇਲ ਨੇ ਸਿਰਜੀ
ਬਿੰਬਾਂ, ਪ੍ਰਤੀਕਾਂ, ਸੰਕੇਤਾਂ, ਅਲੰਕਾਰਾਂ
ਰੰਗਲੇ ਰਸਾਂ, ਹਾਵਾਂ-ਭਾਵਾਂ, ਵਲਵਲਿਆਂ
ਦੀ ਬਹੁਰੰਗੀ ਫੁਲਕਾਰੀ ਸੰਗ ਸਜੀ
ਸੁਹਣੀ ਸਾਰਥਿਕ ਤੇ ਹੁਸੀਨ ਕਵਿਤਾ !

-234, **ਸੁਦਰਸ਼ਨ ਪਾਰਕ**,
ਮਕਸੂਦਾਂ, ਜਲੰਧਰ-144021, ਮੋ. 99887-10234

* * * * *

ਕਵਿਤਾ/ ਆਜ਼ਾਦੀ ਦਿਵਸ

ਰਤਨ ਟਾਹਲਵੀ



ਮੁੱਦਤ ਹੋ ਚੁੱਕੀ ਏ
ਪਰਾਇਆਂ ਨੂੰ ਗਿਆਂ
ਮੇਰੀ ਧਰਤੀ ਤੋਂ।
ਆਪਣਿਆਂ ਹੀ ਕੁਝ
'ਪਤਵੰਤਿਆਂ' ਨੇ ਕਿਹਾ ਸੀ
ਕਿ ਆ ਗਈ ਏ
ਸਿਰ ਉਠਾ ਕੇ ਚੱਲਣ ਦੀ ਕੀਮਤ।

ਇਸ ਦੀ ਪਹਿਲੀ ਝਲਕ
ਮਿਲੀ ਉਦੋਂ ਆਪਣਿਆਂ ਨੂੰ
ਜਦੋਂ
ਅਲੱਗ ਹੋ ਗਏ
ਦੋ ਧੜਕਦੇ ਦਿਲ
ਨਾ ਚਾਹੁੰਦਿਆਂ ਹੋਇਆਂ ਵੀ
ਲਾਈਲੱਗ ਬਣ
ਇਕ ਦੂਜੇ ਦੇ ਹੋ ਗਏ
ਅਸੀਂ ਪਤਵੰਤਿਆਂ ਦੇ ਕਹਿਣ 'ਤੇ
ਪਿਆਸੇ ਖ਼ੂਨ ਦੇ।

ਤੇ ਏਧਰ
ਆਪਣਿਆਂ ਵਿਚੋਂ ਹੀ 'ਕੁਝ'
ਮਖੌਟਿਆਂ ਦੀ ਦੁਨੀਆ 'ਚੋਂ
ਬਾਹਰ ਆਏ
ਤੇ
ਰੰਗ ਲਏ ਹੱਥ ਉਨ੍ਹਾਂ ਕਿਸੇ ਰੰਗ 'ਚ ਨਹੀਂ
ਸਗੋਂ ਖ਼ੂਨ੍ਹ ਦੀ ਦੁਲਹਨ
ਦੇ ਅਰਮਾਨੀਂ ਵਗਦੇ
ਦਰਿਆਵਾਂ ਵਿਚ
ਤੇ
ਇਹ ਰੰਗੇ ਹੱਥ
ਭੇਜ ਦਿੱਤੇ ਪਰਵਾਸ ਧਾਰਨ
ਕਰਨ ਲਈ ਦੂਰ ਦੁਰਾਡੇ।
ਤੇ
ਫਿਰ ਬਦਰੰਗ ਹੱਥ ਲੈ ਕੇ
ਆ ਗਏ ਜਨਤਾ ਦੀ ਕਚਹਿਰੀ 'ਚ
ਬਣ ਨਿਮਾਣੇ ਸੇਵਕ
ਜਨਤਾ ਦੇ।

* * * * *

ਕਵਿਤਾ/ ਵਲੈਤੀ ਯਾਰ ਦਾ ਫੋਨ

ਸਾਲਾਂ ਬਾਅਦ ਅੱਜ ਯਾਰ ਮੇਰੇ ਦਾ,
ਮੈਨੂੰ ਫੋਨ ਵਲੈਤੋਂ ਸੀ ਆਇਆ।
ਬੀਤੀਆਂ ਗੱਲਾਂ ਕਰ ਕੇ ਉਸ ਨੇ,

ਡੇਢ ਘੰਟਾ ਸੀ ਫੋਨ ਤੇ ਲਾਇਆ।

ਯਾਦਾਂ ਕੁਝ ਪੁਰਾਣੀਆਂ ਛੇੜ ਕੇ,
ਉਸ ਖੂਬ ਸੀ ਰੰਗ ਜਮਾਇਆ।
ਕੁਝ ਪੁੱਛ ਕੁਝ ਦੱਸ ਆਪਣੀਆਂ,
ਕਈ ਵਾਰੀ ਠਹਾਕਾ ਲਗਾਇਆ।

ਕਾਲਜ ਦੀ ਕਰ ਯਾਦ ਸੀ ਮਸਤੀ,
ਸੋਹਣਾ ਹਰ ਪਲ ਯਾਦ ਕਰਾਇਆ।
ਪਾਲੀ ਦੇ ਨੈਣਾਂ ਦੀ ਗੱਲ ਛੇੜ ਕੇ,
ਉਸ ਆਪਣਾ ਚਿੱਤ ਪਰਚਾਇਆ।

ਯਾਦ ਉਸ ਕਰ ਕੇ ਬਾਕੀ ਯਾਰਾਂ ਨੂੰ,
ਕੱਲੇ ਕੱਲੇ ਦਾ ਨਾਮ ਸੁਣਾਇਆ।
ਕੌਣ ਭਲਾ ਕੌਣ ਸ਼ਾਤਰ ਸੀ ਦੱਸ ਕੇ,
ਤਵਾ ਸਭ ਤੇ ਖੂਬ ਸੀ ਲਾਇਆ।

ਟੁੱਟ ਚੁੱਕਾਂ ਹਾਂ ਧੁਰੋਂ ਉਸ ਕਹਿ ਕੇ,
ਮੇਰਾ ਹਾਸਾ ਉਸ ਭੁਲਾਇਆ।
ਨਾ ਰਿਹਾ ਘਰ ਤੇ ਘਾਟ ਦਾ ਕਹਿ ਕੇ,
ਇੱਕ ਦਮ ਉਸ ਵਿਸ਼ਾ ਬਦਲਾਇਆ।

ਬੇਬੇ ਬਾਪੂ ਬੜੇ ਯਾਦ ਆਉਣ ਕਹਿ ਕੇ,
ਹਰ ਇੱਕ ਸੀ ਦੁੱਖ ਸੁਣਾਇਆ।
ਸੱਥਾਂ ਖੇਤ ਯਾਦ ਵੱਟਾਂ ਬੰਨੇ ਕਰ ਕੇ,
ਉਸ ਅੱਖਾਂ 'ਚੋਂ ਬਿਆਸ ਵਹਾਇਆ।

ਗੱਲ ਛੇੜ ਪਿੰਡ ਦੀ ਪ੍ਰਭਾਤ ਦੀ,
ਪਿੰਡ ਆਪਣੇ ਦਾ ਮੋਹ ਦਿਖਾਇਆ।
ਗਲੀ 'ਚੋਂ ਲੰਘਦੇ ਕਰ ਯਾਦ ਹਾਲੀ,
ਕੀਤੀ ਖੇਤੀ ਦਾ ਚੇਤਾ ਕਰਾਇਆ।

ਪਿੰਡ, ਟੋਭੇ ਤੇ ਬੋਹੜ ਦੀ ਗੱਲ ਕਰ,
ਸਮਾਂ ਵਿਹਲਾ ਸੀ ਯਾਦ ਕਰਾਇਆ,
ਸਿਫਟਾਂ ਲਾਉਂਦੇ ਨੂੰ ਵਿਹਲ ਨਹੀਂ ਮਿਲਦੀ,
ਕਹਿ ਇਥੇ ਉਥੇ ਦਾ ਫਰਕ ਗਿਣਾਇਆ।

ਭਾਵੁਕ ਜਦ ਉਹ ਹੋ ਗਿਆ ਪੂਰਾ,
ਫਿਰ ਬੱਚਿਆਂ ਵੱਲ ਸੀ ਆਇਆ,
ਨਹੀਂ ਵਿਰਾਸਤ ਉਨ੍ਹਾਂ ਸਾਂਭਣੀ ਮੇਰੀ,
ਜਿਨ੍ਹਾਂ ਲਈ ਘਰ ਛੱਡ ਸੀ ਆਇਆ।

ਕਾਲੇ ਤੋਂ ਜਿਨ੍ਹਾਂ ਲਈ ਚਿੱਟੇ ਕਰ ਲਏ,
ਉਹਨਾਂ ਆਪਣਾ ਰੰਗ ਬਦਲਾਇਆ।
ਕੁਝ ਨਹੀਂ ਕੋਲ ਸਭ ਹੁੰਦਿਆਂ ਕਹਿ ਕੇ,
ਮੇਰਾ ਮਨ ਸੀ ਭਾਰਾ ਕਰਾਇਆ।

ਮਿੱਟੀ ਹੋ ਗਏ ਮੇਰੇ ਸਾਲ ਸਤਾਈ,
ਲੁੱਟ ਗਿਆ ਮੇਰਾ ਸਭ ਸਰਮਾਇਆ,
ਕੀ ਸੀ ਕਰਨ ਮੈਂ ਆਇਆ ਵਲੈਤੀਂ,
ਕਹਿ ਦਿਲ ਦਾ ਦਰਦ ਸੁਣਾਇਆ।

ਮਜਬੂਰੀਆਂ ਵੱਸ ਬੈਠਾ ਦੂਰ ਤੁਹਾਡੇ ਤੋਂ,
ਕਹਿ ਸਭ ਕੁਝ ਮੈਨੂੰ ਸਮਝਾਇਆ,
ਮੁਸ਼ਕਲ ਮੌਜ ਹੁਣ ਵਤਨ ਦੀ ਮਾਨਣੀ,
ਕਹਿ ਕੌੜਾ ਉਸ ਸੱਚ ਸੁਣਾਇਆ।

ਜਿਉਂਦਾ ਰਿਹਾ ਤਾਂ ਮਿਲਾਂਗਾ ਆ ਕੇ,
ਕਹਿ ਕੌਲ ਇੱਕ ਮੈਥੋਂ ਕਰਾਇਆ,
ਮੋਢਾ ਦੇ ਜਾਈਂ 'ਸੁਖਵਿੰਦਰ' ਤੂੰ ਮੈਨੂੰ,
ਜੇ ਬੰਦ ਬਕਸੇ ਪਿੰਡ ਮੈਂ ਆਇਆ।

ਇਹ ਦੁੱਖ ਨਹੀਂ ਕੱਲੇ ਯਾਰ ਮੇਰੇ ਦਾ,
ਦੁੱਖ ਕਈਆਂ ਦਾ ਉਸ ਸੁਣਾਇਆ।
ਦੁੱਖਾਂ ਨੂੰ ਕਵਿਤਾ ਦਾ ਰੂਪ ਮੈਂ ਦੇ ਕੇ,
ਦੁੱਖ ਯਾਰ ਦਾ ਥੋੜ੍ਹਾ ਵੰਡਾਇਆ।



'ਸੁਖਵਿੰਦਰ ਸਿੰਘ ਜਲਾਲਪੁਰੀ'
ਇੰਸਪੈਕਟਰ ਸੀ.ਬੀ.ਆਈ.
ਮੋਬਾਇਲ ਨੰ : 99063-81482


* * * * *

ਕਵਿਤਾ/ ਡੁੰਨ ਵੱਟਾ

ਉੱਠ ਬੰਦਿਆ ਤੂੰ ਬੰਦਾ ਬਣ ਜਾ
ਕਿਸੇ ਦੇ ਕੰਮ ਤੂੰ ਆ ਜਾਵੀ
ਕਿਸੇ ਦਾ ਕੁਝ ਸੁਆਰ ਕੇ ਬੰਦਿਆ
ਰੱਬ ਦੀ ਅਸੀਸ ਤੂੰ ਪਾ ਜਾਵੀ
ਜੇ ਨਾ ਉੱਠਿਆ ਮੰਜੇ ਤੋਂ ਤੇ ਕੋਈ ਕੰਮ ਨਾ ਕੀਤਾ
ਡੁੰਨ ਵੱਟਾ ਬਣ ਜਾਵੇਗਾ
ਤੇ ਕਿਸੇ ਦੇ ਕੰਮ ਨਹੀਂ ਆਵੇਗਾ।
ਤੈਨੂੰ ਤਾਂ ਰੱਬ ਨੇ ਕੁਝ ਕਰਨ ਲਈ ਭੇਜਿਆ ਸੀ
ਫਿਰ ਆਲਸ ਤੂੰ ਕਿਉਂ ਛੱਡਦਾ ਨੀ
ਮੰਜੇ ਤੇ ਲੰਮਾ ਪਿਆ
ਪਿਆ ਤੋਂ ਪਾਸੇ ਮਾਰਦਾ ਰਹਿੰਦਾ ਐ।

ਕਈ ਬਿਮਾਰੀਆਂ ਦਾ ਰੋਗੀ ਬਣ ਜਾਓ
ਤੇ ਜੀਵਨ ਬੇਅਰਥ ਗੁਆ ਲਏਗਾ
ਪਿਆ ਪਿਆ ਮੰਜੇ ਦੇ ਉੱਤੇ
ਸਮਾਂ ਬੇਅਰਥ ਗੁਆ ਲਏਗਾ
ਇਸ ਲਈ ਉੱਠ ਬੰਦਿਆ ਤੂੰ ਉੱਠ ਮੰਜੇ ਤੋਂ
ਤੇ ਉੱਦਮ ਕਰਨਾ ਤੂੰ ਸਿੱਖ ਜਾਵੀ
ਤੇ ਘੋਸ ਮਾਰਨੀ ਤੂੰ ਛੱਡ ਦੇਵੀ
ਇਸ ਤਰ੍ਹਾਂ ਤੂੰ ਕੰਮ ਕਰਦਾ ਕਰਦਾ
ਜੀਵਨ ਸਫਲ ਬਣਾ ਜਾਵੀ।
ਗੁਰੂ ਨਾਨਕ ਨੇ ਭੀ ਸੀ ਕੰਮ ਕਰਨਾ ਦੱਸਿਆ
ਤੇ ਕਿਰਤ ਕਮਾਈ ਤੂੰ ਕਰ ਜਾਵੀ
ਹੁਕਮ ਗੁਰੂ ਨਾਨਕ ਦਾ ਤੂੰ ਮੰਨ ਕੇ ਬੰਦਿਆ
ਸਫਲਤਾ ਤੂੰ ਪਾ ਜਾਵੀ।
ਆਲਸ ਦਲਿੱਦਰ ਤੂੰ ਆਪੇ ਛੱਡ ਕੇ
ਇਕ ਦੰਮ ਮੰਜਾ ਤੂੰ ਛੱਡ ਜਾਵੀ
ਤੇ ਕੁਝ ਕੰਮ ਕਰਨਾ ਤੂੰ ਸਿਖ ਜਾਵੀ
ਗੁਰੂ ਨਾਨਕ ਨਾ ਭੀ ਕੰਮ ਕਰਨਾ ਦੱਸਿਆ
ਕਿਰਤ ਕਮਾਈ ਵਾਲੀ ਕਰ ਜਾਵੀ
ਉੱਠ ਬੰਦਿਆ ਤੂੰ ਉੱਠ ਮੰਜੇ ਤੋਂ
ਕੰਮ ਕਿਸੇ ਦੇ ਆ ਜਾਵੀ
ਜੇ ਨਾ ਉੱਠਿਆ ਤੇ ਕੋਈ ਕੰਮ ਨਾ ਕੀਤਾ
ਡੂੰਨ ਵੱਟਾ ਬਣ ਜਾਵੇਗਾ
ਤੇ ਕਿਸੇ ਦੇ ਕੰਮ ਨਹੀਂ ਆਵੇਗਾ।
ਤੇ ਜੀਵਨ ਬੇਅਰਥ ਗੁਆਵੇਗਾ।

ਮਨਮੋਹਨ ਸਿੰਘ
ਡਿਪਟੀ ਡਾਇਰੈਕਟਰ (ਰਿਟਾ.)
ਪਿੰਡ ਅਟੱਲਗੜ੍ਹ, ਮੁਕੇਰੀਆਂ



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.),


ਸੈਕਟਰ 30-ਏ, ਚੰਡੀਗੜ੍ਹ ਦੀ ਸਮੂਹ ਮੈਨੇਜਮੈਂਟ

ਵੱਲੋਂ

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਅਵਤਾਰ ਪੁਰਬ ਦੀਆਂ ਲੱਖ-ਲੱਖ ਮੁਬਾਰਕਾਂ



ਸ. ਭਗਵਾਨ ਸਿੰਘ ਲੁਬਾਣਾ
ਪ੍ਰਧਾਨ



MATRIMONIAL



LOOKING MATCH FOR LOBANA SIKH CLEAN SHAVEN VERY HANDSOME BOY 39/5'11".BSC NAUTICAL SCIENCE. WORKING AS NAVIGATION OFFICER IN CRUISE SHIP. FATHER COLONEL. SETTLED IN JALANDHAR. BROTHER IN CANADA. CONTACT FOR DETAILS 9654028917

* * * * *

SEEKING MATCH FOR 27.03.1995 BORN, HEIGHT 6'7" (PR IRELAND) LUBANA SIKH BOY, QUALIFICATION -BCA (COMPUTER SCIENCE) – MASTERS IN DATA SCIENCE, PROFESSION – WORKING REMOTELY AS BI DEVELOPER WITH ACCENTURE IRELAND, ANNUAL PACKAGE 50k EURO, FAMILY – FATHER (RETD.) SENIOR MANAGER FROM PNB (LATE.), MOTHER: HOMEMAKER, BROTHER: WORKING IN GOVT. DEPT IN NEW ZEALAND (PR), RESIDENCE: DELHI (ROHINI), CONTACT – 99110-14520, CASTE NO BAR.

* * * * *

MATCH FOR HANDSOME LABANA BOY BORN IN 1997/6 FT, EDUCATION – B.TECH (NIT) KURUKSHETRA + MBA (IIM) BANGLORE, CURRENTLY WORKING IN MNC GURUGAON WITH HANDSOME PACKAGE. FAMILY – MOTHER & FATHER GOVT. (RETD.), TWO SISTERS – BOTH ARE ENGINEER, ONE SISTER MARRIED AND LIVES IN ABROAD & OTHER SISTER WORKS IN MNC. FOR MORE DETAILS CONTACT - 9466504766

* * * * *

SUITABLE MATCH FOR SIKH LOBANA GIRL, 1992, 5'0", MBA SELF EMPLOYED, SIKH FAMILIES. CONTACT : 98148-78884

* * * * *

ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

ਜੁਲਾਈ ਮਹੀਨੇ ਦਾਨੀ ਸੱਜਣਾਂ ਵੱਲੋਂ ਦਿੱਤੇ ਦਾਨ ਦੀ ਸੂਚੀ

ਲੜੀ ਨੰ:	ਨਾਮ ਤੇ ਪਤਾ	ਰਸੀਦ ਨੰ.	ਰਾਸ਼ੀ ਰੁਪਏ	ਮਿਤੀ
1.	ਸ. ਰਵਿੰਦਰ ਸਿੰਘ ਮ.ਨੰ: 2092, ਸੈਕਟਰ-45, ਚੰਡੀਗੜ੍ਹ	882	200/-	16.07.2026
2.	ਇੰਜ. ਭਗਵਾਨ ਸਿੰਘ ਲੁਬਾਣਾ, ਪ੍ਰਧਾਨ ਮ.ਨੰ. 187, ਹਰਦਿਆਲ ਨਗਰ, ਜਲੰਧਰ	883	500/-	16.07.2026
3.	ਸ. ਸੁਰਿੰਦਰ ਸਿੰਘ ਮ.ਨੰ. 3040, ਸੈਕਟਰ-47, ਚੰਡੀਗੜ੍ਹ	884	200/-	16.07.2026
4.	ਸ. ਅਮਰਜੀਤ ਸਿੰਘ ਮੁਲਤਾਨੀ ਮ.ਨੰ: 42, ਸੈਕਟਰ-16ਏ, ਮੋਹਾਲੀ	885	500/-	16.07.2026
5.	ਕਰਨਲ ਗੁਰਦੀਪ ਸਿੰਘ (ਰਿਟਾ.) ਵੀ.ਪੀ. (ਹੈ.ਕੁ.), ਮ.ਨੰ: 62, ਸੈਕਟਰ-71, ਮੋਹਾਲੀ (ਆੱਨਲਾਈਨ ਪ੍ਰਾਪਤ ਕੀਤੇ।)	886	500/-	16.07.2026
6.	ਸ. ਚਰਨਜੀਤ ਸਿੰਘ ਐਚ.ਐਲ. 600, ਫ਼ੇਸ-9, ਮੋਹਾਲੀ	887	200/-	16.07.2026
7.	ਸ. ਨਿਰਮਲ ਸਿੰਘ, ਮੈਂਟੀਨੈਂਸ ਸਕੱਤਰ ਮ.ਨੰ: 2354, ਫ਼ੇਸ-10, ਮੋਹਾਲੀ	888	200/-	16.07.2026
8.	ਸੂਬੇਦਾਰ ਮੇਜਰ ਜਸਪਾਲ ਸਿੰਘ ਮੈਂਟੀਨੈਂਸ ਸਕੱਤਰ, 18, ਏ.ਕੇ.ਐਸ. ਕਲੌਨੀ, ਜ਼ੀਰਕਪੁਰ	890	200/-	16.07.2026
9.	ਲੈ. ਗੁਲਸ਼ਨ ਕੁਮਾਰ ਸਿੰਘ (ਰਿਟਾ.) ਸੀਨੀ. ਵਾਇਸ ਪ੍ਰਧਾਨ (ਹੈ.ਕੁ.), ਮ.ਨੰ. 3405, ਸੈਕਟਰ-40ਡੀ, ਚੰਡੀਗੜ੍ਹ	891	200/-	16.07.2026
10.	ਬੀਬੀ ਨਰਿੰਦਰ ਕੌਰ ਮ.ਨੰ: 2258/2, ਸੈਕਟਰ-45ਸੀ, ਚੰਡੀਗੜ੍ਹ	892	200/-	16.07.2026
11.	ਸ. ਸੁਖਵੰਤ ਸਿੰਘ ਮ.ਨੰ. 296/11, ਜਸਵੰਤ ਨਗਰ, ਜਲੰਧਰ	893	500/-	16.07.2026
12.	ਇੰਜ. ਬਲਜੀਤ ਸਿੰਘ ਭਗਤਾਨਾ ਮ.ਨੰ. 176, ਗੋਲਡਨ ਐਵਨਿਊ, ਫ਼ੇਸ-1, ਜਲੰਧਰ।	894	500/-	16.07.2026
13.	ਇੰਸਪੈਕਟਰ ਸੁਖਵਿੰਦਰ ਸਿੰਘ ਜਲਾਲਪੁਰ, ਹੁਸ਼ਿਆਰਪੁਰ	895	500/-	16.07.2026

14.	ਗੁਰੂ ਘਰ ਦੀ ਗੋਲਕ ਬੀ.ਐਮ.ਐਸ.ਐਲ. ਭਵਨ. ਚੰਡੀਗੜ੍ਹ	896	7320/-	16.07.2026

ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।

ਚੜ੍ਹਨ ਵਾਲਿਓ ਹੱਕਾਂ ਦੀ ਭੇਟ ਉੱਤੇ
ਥੋਨੂੰ ਸ਼ਰਧਾ ਦੇ ਫੁੱਲ ਚੜ੍ਹਾਉਣ ਲੱਗਿਆਂ
ਥੋਡੀ ਯਾਦ ਵਿਚ ਬੈਠ ਕੇ ਦੋ ਘੜੀਆਂ
ਇਕ ਦੋ ਪਿਆਰ ਦੇ ਹੰਝੂ ਬਹਾਉਣ ਲੱਗਿਆਂ
ਥੋਨੂੰ ਮਿਲੂ ਹੁੰਗਾਰਾ ਸੰਸਾਰ ਵਿਚੋਂ
ਮੁੱਢ ਬੰਨ੍ਹਿਐ ਤੁਸੀਂ ਕਹਾਣੀਆਂ ਦਾ
ਸੌਂਹ ਖਾਂਦੇ ਹਾਂ ਅਸੀਂ ਜੁਆਨੀਆਂ ਦੀ
ਮੁੱਲ ਤਾਰਾਂਗੇ ਅਸੀਂ ਕੁਰਬਾਨੀਆਂ ਦਾ।
-ਸੰਤ ਰਾਮ ਉਦਾਸੀ

ਫੁੱਲਦਾਰ ਦਰੱਖਤ ਅਤੇ ਗੁਣਵਾਨ ਵਿਅਕਤੀ ਹੀ ਝੁਕਦੇ ਨੇ।

Lobana Bhawan

Baba Makhan Shah Lobana Foundation (Regd.),
Sector 30-A, Chandigarh

Facilities Available for All Types of Functions at reasonable rates

Double Bed A.C Rooms	*Dormitory A.C Rooms Four Single Bed*
Main Hall, A.C Capacity 400 Persons	*Mini Hall, A.C Capacity 150-200 Persons*
Main Auditorium, A.C Capacity 450 Persons	*Mini Auditorium, A.C Capacity 150 Persons*
Basement Hall 350-400 Persons	*Conference Hall, A.C Capacity 25 Persons*

24x7 Catering Service Available

For Booking Contact :-
98768-11137, 73470-65188

ਮਿਤੀ 16-07-2026 ਨੂੰ ਬਮਸ਼ਲ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵਿਖੇ ਸੰਗਰਾਂਦ ਦਾ ਦਿਹਾੜਾ ਸ਼ਰਧਾਪੂਰਵਕ ਮਨਾਇਆ ਗਿਆ









ਸ. ਅਮਰਜੀਤ ਸਿੰਘ ਮੁਲਤਾਨੀ ਵੱਲੋਂ ਆਪਣੇ ਪਿਤਾ ਸਵ. ਸ. ਗਿਆਨ ਸਿੰਘ ਮੁਲਤਾਨੀ ਜੀ ਦੀ ਯਾਦ ਵਿਚ ਹਰ ਮਹੀਨੇ 5000 ਹਜ਼ਾਰ ਰੁਪਇਆ ਲੋੜਵੰਦ ਵਿਦਿਆਰਥੀਆਂ ਦੀ ਪੜ੍ਹਾਈ ਲਈ ਦਾਨ ਦਿੱਤੇ ਜਾਂਦੇ ਹਨ। ਫਾਊਂਡੇਸ਼ਨ ਵੱਲੋਂ ਉਨ੍ਹਾਂ ਦੀਆਂ ਇਨ੍ਹਾਂ ਸੇਵਾਵਾਂ ਕਰਕੇ ਸੰਗਰਾਂਦ ਦੇ ਪਵਿੱਤਰ ਦਿਹਾੜੇ 'ਤੇ ਮੁਲਤਾਨੀ ਪਰਿਵਾਰ ਨੂੰ ਸਨਮਾਨਿਤ ਕੀਤਾ ਗਿਆ।

Postal No. - Jallandhar Vide No. L-4/PB/JL-0196/2024-2026

ਗੁਰੂ ਲਾਧੋ ਰੇ



